# ਸਮਰਪਿਤ

ਮੁਰਸ਼ਦ ਅਤੇ ਮੁਰਸ਼ਦ ਦੇ
ਪਿਆਰਿਆਂ ਨੂੰ

## ਏਸੇ ਕਲਮ ਤੋਂ –

ਸੁੱਖਾਂ ਲੱਦੇ ਸੁਨੇਹੇ
ਦੋ ਪ੍ਰੀਤ ਕਿੱਸੇ
ਛੰਦ ਬਗੀਚਾ
ਗੰਗਾ ਮਾਤਾ

## ਈ–ਬੁੱਕਸ : –

ਏਕਲਵਿਆ
ਭਗਤ ਰਵਿਦਾਸ
ਅੱਖਰ ਬੋਲ ਪਏ

### ਛਪਾਈ ਅਧੀਨ :

ਕ੍ਰਿਸ਼ਨ ਅਵਤਾਰ
ਸੀਤਾ ਪ੍ਰੀਖਿਆ
ਬਾਬਾ ਸਿੱਧ ਭੋਇ
ਗੁਰੂ ਨਾਨਕ ਦੇਵ ਜੀ
ਭਾਈ ਬੋਤਾ ਸਿੰਘ

# ਰੂਪ ਬਸੰਤ

*ਦਰਸ਼ਨ ਸਿੰਘ 'ਭੰਮੇ'*

**Good Will Publications,**
**Mansa (Punjab)**

# ROOP BASANT

Written By :-

**DARSHAN SINGH 'BHAMME'**
**KOTHI WALA RAH, TALWANDI SABO,**
**DISTRICT BATHINDA (PUNJAB)**
**MOBILE NO. 94630-23656**

**2017**

**ISBN :** 978-81-933806-1-1

**PRICE : ₹ 210/-**


Published By :-
**Good Will Publications, Mansa (Punjab)**
Mobile No. 9888734861

Printed By :-
**Washna Printing Press, Mansa**

**© 2017, Author**

**All rights reserved**

**This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyriht owner and the above-mentioned publisher of this book.**



ਆਰਿਫ ਸ਼ਾਇਰ ਬ੍ਰਹਮਾ ਨੰਦ ਜੀ
ਡਿੱਖ ਦਾਦਾ ਗੁਰੂ ਜੀ



ਉਸਤਾਦ ਸ਼ਾਇਰ
ਸ਼੍ਰੀ ਰੇਵਤੀ ਪ੍ਰਸ਼ਾਦ ਸ਼ਰਮਾ



ਦਰਸ਼ਨ ਸਿੰਘ 'ਭੰਮੇ'

# ਅਸ਼ੀਰਵਾਦ

ਰੂਪ-ਬਸੰਤ ਦਾ ਨਾਮ ਸੁਣਦਿਆਂ ਹੀ ਮਹਾਨ ਕਵੀ ਦੌਲਤ ਰਾਮ ਜੀ ਦੀ ਪਵਿਤ੍ਰ ਲੇਖਨੀ ਪ੍ਰਤੀ ਸਿਰ ਸ਼ਰਧਾ ਨਾਲ ਝੁੱਕ ਜਾਂਦਾ ਹੈ। ਵਾਰਿਸ ਦੀ ਹੀਰ ਵਾਂਗ ਰੂਪ ਬਸੰਤ ਸ੍ਰੀ ਦੌਲਤ ਰਾਮ ਜੀ ਦਾ ਹੀ ਪ੍ਰਸਿੱਧ ਹੈ। ਕਿੱਸਾ-ਕਾਵਿ ਦੀ ਪ੍ਰੰਪਰਾ ਵਿੱਚ ਯੋਗਦਾਨ ਪਾਉਂਦੇ ਹੋਏ ਦਰਸ਼ਨ ਸਿੰਘ ਭੰਮੇ ਕਈ ਕਵੀਸ਼ਰੀ-ਪ੍ਰਸੰਗਾਂ ਅਤੇ ਸਮਾਜਿਕ ਵਰਤਾਰਿਆਂ, ਰੀਤੀ ਰਿਵਾਜਾਂ, ਤਤਕਾਲੀਨ ਸਮੱਸਿਆਵਾਂ ਪ੍ਰਤੀ ਫੁਟਕਲ ਛੰਦਾਂ ਦੀ ਰਚਨਾਂ ਕਰ ਚੁੱਕਾ ਹੈ। ਸਿਹਤ ਵਿਭਾਗ ਵਿੱਚ ਇੱਕ ਅਧਿਕਾਰੀ ਦੇ ਤੌਰ 'ਤੇ ਇਮਾਨਦਾਰੀ ਅਤੇ ਸੇਵਾ ਭਾਵਨਾ ਨਾਲ ਡਿਊਟੀ ਨਿਭਾ ਰਿਹਾ ਦਰਸ਼ਨ ਭੰਮੇ ਆਪਣੇ ਕਾਵਿ-ਪ੍ਰਸੰਗਾਂ ਰਾਹੀਂ ਸਾਹਿਤ ਦੀ ਵਡਮੁੱਲੀ ਸੇਵਾ ਕਰ ਰਿਹਾ ਹੈ। ਇਸ ਸੇਵਾ ਬਦਲੇ ਜਿੱਥੇ ਉਸਦੀ ਆਪਣੀ

ਸਖਸ਼ੀਅਤ ਵਿੱਚ ਨਿਖਾਰ ਆਉਂਦਾ ਹੈ ਉਥੇ ਬ੍ਰਹਮਲੀਨ ਪੰਡਿਤ ਬ੍ਰਹਮਾਨੰਦ ਜੀ ਦੀ ਸਮੁੱਚੀ ਫੁੱਲਵਾੜੀ ਵੀ ਮਾਣ ਮਹਿਸੂਸ ਕਰਦੀ ਹੈ।

ਹੱਥਲੀ ਰਚਨਾ ਰੂਪ-ਬਸੰਤ ਕਵੀਸ਼ਰੀ ਵਿਧਾ ਦੇ ਵੱਖਰੀ ਵੱਖਰੀ ਵੰਨਗੀ ਦੇ ਛੰਦਾਂ ਅਤੇ ਅਲੰਕਾਰਾਂ ਨਾਲ ਸਜੀ ਹੋਈ ਹੈ। ਕਿੱਸੇ ਦੇ ਸ਼ੁਰੂ ਵਿੱਚ ਹੀ ਸਾਰੇ ਪੁਆੜੇ ਦੀ ਜੜ੍ਹ ਰਾਜਿਆਂ ਦੀ ਵਿਰਾਸਤਾ ਅਤੇ ਕਾਮੁਕ-ਰੁਚੀ ਨੂੰ ਠਹਿਰਾਕੇ ਉਸ ਸਮੇਂ ਦੇ ਮਨਮਾਨੇ ਰਾਜ ਪ੍ਰਬੰਧ ਤੇ ਕਰਾਰੀ ਚੋਟ ਹੈ -

ਭੁੱਲਿਆ ਉਮਰ ਰਾਜਾ ਕਾਮ ਨੇ ਸਤਾਇਆ ਪੂਰਾ
ਬਚਣਾ ਜੇ ਭੰਮਿਆਂ ਤਾਂ ਰਾਮ ਰਾਮ ਰੱਟੀਏ।

ਕੰਨਾਂ ਦਾ ਕੱਚਾ ਰਾਜਾ ਜਦੋਂ ਨਿਰਦੋਸ਼ ਬਸੰਤ ਨੂੰ ਜੇਲ੍ਹ ਵਿੱਚ ਸੁੱਟਦਾ ਹੈ ਤਾਂ ਰਾਜਿਆਂ ਦੀ ਅਨਿਆਂ ਕਾਰੀ ਨੀਤੀ ਉਪਰ ਕਿੰਤੂ ਕਰਦਾ ਦਰਸ਼ਨ ਸਿੰਘ ਭੰਮੇ ਰਾਜ ਧਰਮ ਦੀ ਗੱਲ ਇਉਂ ਕਰਦਾ ਹੈ:-

ਰਾਜੇ ਦਾ ਧਰਮ ਹੁੰਦਾ ਦੁੱਧੋਂ ਪਾਣੀ ਛਾਣ ਦੇਣਾ
ਭੰਮਿਆਂ ਕ੍ਰੋਧ ਵਿੱਚ ਧਰਮ ਗਲਾ ਘੁੱਟਤਾ।

ਵਿਛੋੜਾ ਸ਼ਬਦ ਹੀ ਦਿਲ ਵਿੱਚ ਇੱਕ ਵਿਸ਼ੇਸ਼ ਕਿਸਮ ਦੀ ਭਾਵੁਕਤਾ ਪੈਦਾ ਕਰ ਦਿੰਦਾ ਹੈ। ਸੱਸੀ-ਪੁਨੂੰ, ਸੋਹਣੀ ਮਹੀਵਾਲ ਅਤੇ ਇਸ ਕਿਸਮ ਦੇ ਹੋਰ ਪ੍ਰੀਤ ਕਿੱਸਿਆਂ ਵਿੱਚ ਬਿਰਹੋਂ ਦੇ ਦਰਦ ਨੂੰ ਬਿਆਨਿਆ ਹੈ ਪਰੰਤੂ ਜੋ ਵੀਰ ਦੇ ਨਾਲੋਂ ਵੀਰ ਦੇ ਵਿਛੋੜੇ ਦਾ ਵਰਨਣ ਰੂਪ-ਬਸੰਤ ਵਿੱਚ ਹੈ ਵੀਰਾਂ ਦੇ ਪਿਆਰ ਦੀ ਸਿਖਰ ਹੈ। ਵਿਛੋੜੇ ਵੇਲੇ ਤਾਂ ਕੀ ਚੰਦਰੇ ਵਿਛੋੜੇ ਦੇ ਮੁੱਕ ਜਾਣ ਤੇ ਮਿਲਾਪ ਦੀਆਂ ਘੜੀਆਂ ਵੀ ਕਿਵੇਂ ਅੱਖਾਂ ਨੂੰ ਨਮ ਕਰ ਦਿੰਦੀਆਂ ਹਨ :-

ਨਾ ਪੈਣ ਵਿਛੋੜੇ ਜੀ ਮਨ ਨਾ ਮਿਲਿਆ ਬਾਝੋਂ ਵਿਰਦਾ
ਗਲ ਲਾ ਕੇ ਵੀਰਨ ਨੂੰ ਤਪਦਾ ਸੀਤ ਹੋ ਗਿਆ ਹਿਰਦਾ

ਰਾਜਾ ਖੜਗਸੈਨ ਅਤੇ ਰਾਣੀ ਚੰਦਰਾਵਤੀ ਸਾਧੂ ਕੋਲੋਂ ਪੁੱਤਰ ਦੀ ਦਾਤ ਮੰਗਣ ਸਮੇਂ ਬੜੀ ਨਿਮਰਤਾ ਸਹਿਤ ਬੇਨਤੀ ਕਰਦੇ ਹਨ ਸਾਧੂ ਦੇ ਪੁੱਛਣ ਤੇ ਰਾਜਾ ਆਪਣੇ ਬੇਟੇ ਬਸੰਤ ਨੂੰ ਚੰਦਰਾਵਤੀ ਦੇ ਦੱਸਣ ਅਨੁਸਾਰ ਹੀ ਦੋਸ਼ੀ ਮੰਨਦਾ ਹੈ ਜਦੋਂ ਸਾਧੂ ਚੰਦਰਾਵਤੀ ਕੋਲੋਂ ਹੀ ਸਚਾਈ ਜਾਨਣਾ ਚਾਹੁੰਦਾ ਹੈ ਤਾਂ ਚੰਦਰਾਵਤੀ ਬਸੰਤ ਨੂੰ ਨਿਰਦੋਸ਼ ਦੱਸਦੀ ਹੋਈ ਆਪਣਾ ਕੀਤਾ ਪਾਪ ਪ੍ਰਗਟ ਕਰਦੀ ਹੈ: ਦਰਸ਼ਨ ਸਿੰਘ ਭੰਮੇ ਆਪਣੇ ਪਿਤਾ-

ਪੁਰਖੀ ਸੋਨੀ-ਭਗਤਾਂ ਵਾਲੇ ਕਿੱਤੇ ਦੀ ਉਦਾਹਰਣ ਪੇਸ਼ ਕਰਦਾ 'ਖੋਟ' ਅਤੇ 'ਝੋਲ' ਸ਼ਬਦਾਂ ਦੀ ਵਰਤੋਂ ਬਾ-ਖੂਬੀ ਕਰਦਾ ਹੈ -

ਦੇਖਿਆ ਦੋਸ਼ ਨਾ ਕੋਈ ਬਸੰਤ ਅੰਦਰ
ਦਿੱਤਾ ਲਾਲ ਮੈਂ ਮਿੱਟੀ ਵਿੱਚ ਰੋਲ ਬਾਬਾ।
ਝੂਠ ਖੋਟ ਨੂੰ ਕੋਈ ਨੀ ਦੱਬ ਸਕਦਾ
ਚਾਹੇ ਫੇਰੀਏ ਕਿੰਨਾਂ ਹੀ ਝੋਲ ਬਾਬਾ।

ਸੰਤਾਂ ਦੇ ਮੁਖਾਰਬਿੰਦ ਵਿਚੋਂ ਰਾਜਾ ਖੜਗਸੈਨ ਅਤੇ ਰਾਣੀ ਚੰਦਰਾਵਤੀ ਨੂੰ ਉਪਦੇਸ਼ ਰੂਪ ਵਿੱਚ ਹੋਏ ਬਚਨ ਕੁਜੋੜ ਅਤੇ ਕੁਵੇਲੇ ਹੋਏ ਵਿਆਹ ਵਰਗੇ ਪਵਿੱਤਰ ਕਾਰਜ ਨੂੰ ਵੀ ਨਹੀਂ ਸਲਾਹਾਉਂਦੇ ਸਗੋਂ ਭੰਮੇ ਦੀ ਜਬਾਨੀ-

ਵਕਤੋਂ ਪਹਿਲਾਂ ਵਕਤੋਂ ਪਿਛੋਂ
ਜਿਹੜੇ ਕਾਜ ਰਚਾਉਂਦੇ।
ਆਪਦੇ ਵਾਂਗੂੰ ਹਰਦਮ ਰਾਜਾ
ਬਹੁਤੇ ਦੁੱਖ ਉਠਾਉਂਦੇ।
ਤੁਸੀਂ ਨਾ ਕੀਤੀ ਸਮਝ ਏਸਦੀ
ਤੋੜ ਸੁੱਟਿਆ ਘੇਰਾ।
ਨਾ ਬਾਲਕ ਨਾ ਰਾਣੀ ਦੋਸ਼ੀ
ਦੋਸ਼ ਰਾਜਨ ਤੇਰਾ।

ਅਨੇਕਾਂ ਕਸ਼ਟਾਂ ਨੂੰ ਝੱਲਦੇ ਅਖੀਰ ਰੂਪ-ਬਸੰਤ ਮਿਲ ਜਾਂਦੇ ਹਨ। ਰਾਜੇ ਮਹਾਰਾਜੇ ਬਣ ਜਾਂਦੇ ਹਨ। ਆਪਣੇ ਪਿਤਾ ਰਾਜਾ ਖੜਗਸੈਨ ਨੂੰ ਮਿਲਦੇ ਹਨ। ਰਾਜਾ ਖੜਗਸੈਨ ਕਿੰਨੇ ਹੀ ਸਾਲਾਂ ਤੋਂ ਆਪਣੇ ਪਿਆਰੇ ਅਤੇ ਨਿਰਦੋਸ਼ ਪੁੱਤਰਾਂ ਨੂੰ ਮਿਲਦਾ ਹੈ ਤਾਂ ਉਸਨੂੰ ਆਪਣੀ ਗਲਤੀ ਦਾ ਪਛਤਾਵਾ ਤਾਂ ਹੁੰਦਾ ਹੀ ਹੈ ਰੂਪ-ਬਸੰਤ ਦੀ ਮਾਂ ਪਿਆਰੀ ਧਰਮਪਤਨੀ ਰੂਪਾਵਤੀ ਯਾਦ ਆ ਜਾਂਦੀ ਹੈ ਦਰਸ਼ਨ ਭੰਮੇ ਦੋਤਾਰਾ ਛੰਦ ਰਾਹੀਂ ਕਹਿੰਦਾ ਹੈ -

ਯਾਦ ਆਈ ਰਾਣੀ ਦੀ ਤੱਕਿਆ ਜਦੋਂ ਰੂਪ ਦਾ ਚੇਹਰਾ।
ਤੂੰ ਕਹਿੰਦੀ ਹੁੰਦੀ ਸੀ ਪਿਆਰਾ ਰੂਪ ਹੈ ਪੁੱਤਰ ਮੇਰਾ।
ਹੈ ਬਸੰਤ ਤੁਮਾਰਾ ਜੀ ਕਰਦਾ ਥੋਡੇ ਵਾਂਗੂੰ ਤਿਆਰੀ।
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ।

ਕਿੱਸੇ ਦੇ ਅਖੀਰ ਵਿੱਚ ਨਮੋਸ਼ੀ ਨਾ ਝੱਲ ਸਕਣ ਕਾਰਨ ਰਾਣੀ ਚੰਦਰਾਵਤੀ ਆਤਮ ਹੱਤਿਆ ਕਰ ਲੈਂਦੀ ਹੈ ਰਾਜਾ ਖੜਗਸੈਨ ਅਤੇ ਰੂਪ-ਬਸੰਤ ਅਫਸੋਸ ਕਰਦੇ ਹਨ ਰੱਬੀ ਭਾਣਾ ਮੰਨਕੇ ਅੰਤਮ

ਕਿਰਿਆਵਾਂ ਪੂਰੀਆਂ ਕਰਨ ਉਪਰੰਤ ਰੂਪ ਨੂੰ ਮਿਸਰ ਅਤੇ ਬਸੰਤ ਨੂੰ ਸੰਗਲਦੀਪ ਦਾ ਰਾਜ ਤਿਲਕ ਦੇਣ ਉਪਰੰਤ ਰਾਜਾ ਆਪਣੀ ਚੌਥੀ ਅਵਸਥਾ ਜਾਣਕੇ ਹਰੀ-ਭਜਨ ਲਈ ਜੰਗਲਾਂ ਨੂੰ ਚਲਾ ਜਾਂਦਾ ਹੈ ਇਕ ਦੋਹੇ ਵਿੱਚ ਦਰਸ਼ਨ ਭੰਮੇ ਕਿੱਸੇ ਦਾ ਸੁਖਾਂਤ ਕਰਦਾ ਹੈ :-

ਰੂਪ ਜੋ ਰਾਜਾ ਮਿਸਰ ਦਾ
ਸੰਗਲਦੀਪ ਬਸੰਤ।
ਪਰਜਾ ਮੌਜਾਂ ਮਾਣਦੀ
ਸੁੱਖ ਆਏ ਬੇਅੰਤ।

ਇਸ ਪ੍ਰਸ਼ੰਸਾਯੋਗ ਕਾਰਜ ਲਈ ਦਰਸ਼ਨ ਸਿੰਘ ਭੰਮੇ ਨੂੰ ਬਹੁਤ ਬਹੁਤ ਅਸ਼ੀਰਵਾਦ ਦਿੰਦਾ ਹੋਇਆ ਉਸਦੇ ਸ਼ਾਗਿਰਦ ਗੁਰਦੀਪ ਅਤੇ ਹੁਸਨਦੀਪ ਨੂੰ ਬਹੁਤ ਬਹੁਤ ਪਿਆਰ ਅਤੇ ਵਧਾਈ ਦਿੰਦਾ ਹਾਂ।

ਰੇਵਤੀ ਪ੍ਰਸ਼ਾਦ ਸ਼ਰਮਾਂ
ਪ੍ਰਧਾਨ ਕਵੀਸ਼ਰੀ ਵਿਕਾਸ ਮੰਚ ਰਜਿ:
ਤਲਵੰਡੀ ਸਾਬੋ

# ਕਾਵਿ-ਬਿਰਤਾਂਤਕਾਰੀ ਦਾ ਰਸਿਕ ਸਿਖਰ
# (ਕਿੱਸਾ ਰੂਪ-ਬਸੰਤ)

ਕਵੀਸ਼ਰੀ ਸ਼ਬਦ ਕਵੀ+ਈਸ਼ਵਰ ਤੋ ਸ਼ਬਦਾਂ ਤੋਂ ਨਿਰਮਤ ਹੈ ਜਿਸਦਾ ਭਾਵ ਹੁੰਦਾ ਹੈ ਸ੍ਰੇਸ਼ਠ ਕਵੀ ਜਾਂ ਈਸ਼ਵਰੀ ਗੁਣਾਂ ਵਾਲੀ ਕਾਵਿ ਰਚਨਾਂ 'ਬੰਸਾਵਾਲੀ ਦਸਾਂ ਪਾਤਸ਼ਾਹੀਆਂ ਕੀ" ਵਿੱਚ ਕਵੀਸ਼ਰੀ ਨੂੰ ਇੱਕ ਵੱਡੇ ਗੁਣਾਂ ਵਾਲੀ ਰਚਨਾਂ ਤੋਂ ਹੀ ਭਾਵ ਹੈ।"ਮਿਹਰਬਾਨ ਪੁੱਤ ਪ੍ਰਿਥੀਏ ਦਾ ਕਵੀਸ਼ਰੀ ਕਰੇ"ਵੀ ਮਿਹਰਬਾਨ ਦੇ ਪੱਖ ਵਿੱਚ ਕਵੀਸ਼ਰੀ ਵਿਸ਼ੇਸ਼ਣ ਬਣਕੇ ਉੱਭਰੀ ਕਵੀਸ਼ਰੀ ਇੱਕ ਸਾਜ ਵਿਹੂਣੀ ਗਾਇਨ ਸ਼ੈਲੀ ਹੈ।ਕਵੀਸ਼ਰੀ ਵਾਸਤੇ ਕਿਸੇ ਵੀ ਸਾਜ ਦੀ ਸੰਗਤ ਦੀ ਜਰੂਰਤ ਨਹੀਂ ਕਈ ਇਤਿਹਾਸਕਾਰ ਇਸ ਨੂੰ ਭੱਟ ਪ੍ਰੰਪਰਾ ਨਾਲ ਵੀ ਜੋੜਦੇ ਹਨ ਜੋ ਕਿ ਗਲਤ ਲੱਗਦੀ ਹੈ।ਪਰ ਢਾਡੀ ਪ੍ਰੰਪਰਾ ਵਿੱਚ ਇਸਦੀ ਜੜ੍ਹ ਜਰੂਰ ਪ੍ਰਗਟ ਹੁੰਦੀ ਹੈ।ਕਵੀਸ਼ਰੀ ਵਿੱਚ ਸਮਾਜਿਕ ਅਤੇ ਸੱਭਿਆਚਾਰਕ ਵਿਸ਼ੇ ਨਿਭਾਏ ਜਾਂਦੇ ਹਨ।ਮਾਲਵਾ ਪ੍ਰਦੇਸ਼ ਦੂਰ ਦੂਰ ਤੱਕ ਫੈਲਿਆ ਮੇਲਿਆਂ ਅਤੇ ਉਤਸਵਾਂ ਦਾ ਪ੍ਰਦੇਸ਼ ਸੀ।ਕਵੀਸ਼ਰੀ ਦੇ ਤਿੰਨ ਅੰਗ ਇਸ ਦੀ ਸਮੁੱਚਤਾ ਨੂੰ ਪਹੁੰਚਦੇ ਹਨ ਜਿਵੇਂ ਕਿ ਨੰਬਰ ਇੱਕ ਕਵੀਸ਼ਰੀ ਜਾਂ ਕਿੱਸਾ ਕਾਵਿ ਦੋ ਕਵੀਸ਼ਰੀ ਅਤੇ ਤੀਜਾ ਗਾਇਨ ਕਵੀਸ਼ਰ ਉਹ ਹਨ ਜਿਹੜੇ ਕੇਵਲ ਕਵੀਸ਼ਰੀ ਸਿਰਜ਼ਦੇ ਹਨ ਪਰ ਗਾਉਂਦੇ ਨਹੀਂ ਹਨ ਦੂਜੀ ਕਿਸਮ ਦੇ ਕਵੀਸ਼ਰ ਉਹ ਹਨ ਜੋ ਕਵੀਸ਼ਰੀ ਲਿਖਦੇ ਵੀ ਹਨ ਤੇ ਗਾਉਂਦੇ ਵੀ ਹਨ।ਤੀਜੀ ਕਿਸਮ ਦੇ ਉਹ ਹਨ ਜੋ ਲਿਖਦੇ ਨਹੀਂ ਪਰ ਆਪਣੇ ਉਸਤਾਦ ਜਾਂ ਪ੍ਰਸਿੱਧ ਕਵੀਸ਼ਰਾਂ ਦੀ ਲਿਖਤ ਸਟੇਜਾਂ ਉੱਤੇ ਗਾਉਂਦੇ ਹਨ।ਉਹ ਮੌਕੇ ਅਨੁਸਾਰ ਕੁੱਝ ਤਬਦੀਲ਼ੀਆਂ ਵੀ ਕਰਦੇ ਹਨ।ਕਵੀਸ਼ਰੀ ਵਿੱਚ ਸਮਾਜ ਦੀ ਉਦਾਸੀਨਤਾ,ਉਪਰਾਮਤਾ ਅਤੇ ਵੈਰਾਗਾਤਮਿਕਤਾ ਦੇ ਗੁਣ ਵਧੇਰੇ ਹਨ।ਮਾਲਵੇ ਦਾ ਜੀਵਨ ਬੜਾ ਔਖਾ ਸੀ ਇਸ ਲਈ ਕਵੀਸ਼ਰੀ ਮਾਲਵੇ ਦੀ ਉਡਦੀ ਰੇਤ ਵਾਂਗ ਲੋਕਾਂ ਦੇ ਪੇਸ਼ ਰਹੀ।ਉਹ ਕਵੀਸ਼ਰੀ ਹੀ ਸੀ ਜਿਸ ਨੇ ਮਾਲਵੇ ਦੇ ਅਨਪੜ੍ਹ ਸਿੱਧੜ ਅਤੇ ਕੰਮਕਾਰੀ ਮਲਵਈਆਂ ਨੂੰ ਅਚੇਤ ਸੁਚੇਤ ਪੰਜਾਬੀ ਸਾਹਿਤ ਅਤੇ ਇਤਿਹਾਸ ਮਿਥਿਹਾਸ ਨਾਲ ਜੋੜੀ ਰੱਖਿਆ।ਇਹਨਾਂ ਅਨਪੜ੍ਹ ਹਾਲੀਆਂ ਪਾਲੀਆਂ

ਨੇ ਕਈ ਕਿੱਸੇ ਜੁਬਾਨੀ ਯਾਦ ਕੀਤੇ ਹੋਏ ਸਨ।ਭਗਵਾਨ ਸਿੰਘ ਦੀ ਹੀਰ,ਸਾਧੂ ਦਯਾ ਸਿੰਘ ਦਾ ਜਿੰਦਗੀ ਬਿਲਾਸ ਦੌਲਤ ਰਾਮ ਦਾ ਰੂਪ ਬਸੰਤ, ਮੇਲਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਵਿਕਦੇ ਸਨ।ਇਹਨਾਂ ਦੀ ਵਿਕਰੀ ਸਟੇਜ਼ਾਂ ਉਤੇ ਗਾਏ ਜਾਣ ਕਾਰਣ ਹੀ ਹੁੰਦੀ ਸੀ।ਏਸੇ ਹੀ ਸੰਦਰਭ ਵਿੱਚ ਦਰਸ਼ਨ ਸਿੰਘ ਭੰਮੇ ਦਾ ਕਵੀਸ਼ਰੀ ਸ਼ੈਲੀ ਵਿੱਚ ਸਿਰਜਿਆ ਕਿੱਸਾ ਰੂਪ ਬਸੰਤ ਹੈ ਜੋ ਕਿ ਮਾਲਵੇ ਦੀ ਕਵੀਸ਼ਰੀ ਦੇ ਸਾਰੇ ਇਤਿਹਾਸਕ ਗੁਣਾਂ ਨੂੰ ਆਪਣੇ ਕਲਾਵੇ ਵਿੱਚ ਸਮਾਕੇ ਪੇਸ਼ ਹੁੰਦਾ ਹੈ।ਮਾਲਵੇ ਵਿੱਚ ਸੈਂਕੜੇ ਕਵੀਸ਼ਰ ਪੈਦਾ ਹੋਏ ਸਰਵ ਸ੍ਰੀ ਭਗਵਾਨ ਸਿੰਘ,ਜੋਗਾ ਸਿੰਘ,ਸਾਧੂ ਦਯਾ ਸਿੰਘ,ਦਿਆ ਸਿੰਘ ਆਰਿਫ ਪੰਡਤ ਬ੍ਰਹਮਾਂ ਨੰਦ ਜੀ,ਪੰਡਤ ਕਿਸ਼ੋਰ ਚੰਦ,ਪੰਡਤ ਗੋਕਲ ਚੰਦ,ਪੰਡਤ ਪੂਰਨ ਚੰਦ,ਮਾਘੀ ਸਿੰਘ ਜੀ,ਆਦਿ ਏਸੇ ਲੜੀ ਦੇ ਸੁਚੇ ਮੋਤੀ ਹਨ।ਜਿੰਨਾਂ ਵਿੱਚ ਇੱਕ ਸੁਨਹਿਰੀ ਤੇ ਚਮਕਦਾਰ ਮੋਤੀ ਦਰਸ਼ਨ ਸਿੰਘ ਭੰਮੇ ਵੀ ਸਥਾਪਿਤ ਹੋ ਚੁੱਕਾ ਹੈ।ਦਰਸ਼ਨ ਸਿੰਘ ਭੰਮੇ ਨੇ ਆਪਣੇ ਰੂਪ ਬਸੰਤ ਦੇ ਕਿੱਸੇ ਵਿੱਚ ਲੋਕ ਛੰਦਾਂ ਦੀ ਵਰਤੋਂ ਪੂਰੀ ਸਫਲਤਾ ਨਾਲ ਕੀਤੀ ਹੈ।ਉਸਨੇ ਹੱਥਲੇ ਕਿੱਸੇ ਵਿੱਚ ਕਵੀਸ਼ਰੀ ਦੇ ਸਾਰੇ ਗੁਣ ਪ੍ਰਮੁੱਖਤਾ ਪ੍ਰੰਤੂ ਸਹਿਜਤਾ ਨਾਲ ਨਿਭਾਏ ਹਨ।ਭੰਮੇ ਦਾ ਇਹ ਕਿੱਸਾ ਰੂਪ ਬਸੰਤ ਕਈ ਕਾਰਨਾਂ ਤੇ ਗੁਣਾਂ ਕਰਕੇ ਹੋਰਾਂ ਕਿੱਸਿਆਂ ਨਾਲੋਂ ਗੁਣਵਨਤਾ ਅਤੇ ਮੌਲਿਕਤਾ ਵਿਲੱਖਣਤਾ ਦਾ ਧਾਰਨੀ ਹੈ।

ਹੱਥਲੀ ਕਵੀਸ਼ਰੀ ਰਚਨਾਂ ਦਾ ਰੂਪਕ ਪੱਖ ਸਲਾਹੁਣ ਯੋਗ ਹੈ। ਕਵੀਸ਼ਰ ਭੰਮੇ ਕਵੀਸ਼ਰੀ ਦੇ ਪ੍ਰੰਪਰਕ ਪਰ ਲੋਕ ਸੁਰ ਵਿੱਚ ਸਮਾਏ ਛੰਦਾਂ ਦੀ ਵਰਤੋਂ ਕਰਕੇ ਵਾਰਤਾ ਨੂੰ ਹਰਮਨ ਪਿਆਰੀ ਬਣਾਕੇ ਪੇਸ਼ ਕਰਦਾ ਹੈ।ਉਸਦੇ ਛੰਦਾਂ ਵਿੱਚ ਦੋਹਿਰਾ,ਕਬਿੱਤ,ਬੈਂਤ,ਕੇਸਰੀ,ਤ੍ਰੇੜਾ,ਦੋ ਭਾਗਾਂ ਛੰਦ ਆਦਿ ਪ੍ਰਮੁੱਖਤਾ ਅਤੇ ਪੂਰਨ ਸਰੂਪ ਨਾਲ ਉਘੜਦੇ ਹਨ।ਜਦੋਂ ਕਿ ਉਸਨੇ ਕਵੀਸ਼ਰੀ ਗਾਇਨ ਪੱਧਤੀ ਵਾਸਤੇ ਉਹ ਸਾਰੇ ਰਵਾਇਤੀ ਭਾਸ਼ਾ ਦੇ ਸਾਧਨ ਵਰਤੇ ਹਨ।ਜੋ ਕਿ ਇੱਕ ਸਫਲ ਕਵੀਸ਼ਰ ਨੂੰ ਗਾਉਣ ਵਾਸਤੇ ਜਰੂਰੀ ਹੁੰਦੇ ਹਨ ਭਾਸ਼ਾ ਅਤਿ ਸੁੰਦਰ ਲੱਛੇਦਾਰ ਅਤੇ ਸੰਖੇਪਤਾ ਭਰਪੂਰ ਹੈ।ਥੋੜੇ ਸ਼ਬਦਾਂ ਵਿੱਚ ਵਿਸਥਾਰਤ ਗੱਲ ਕਹਿਣ ਦੀ ਕਲਾ ਭੰਮੇ ਦੀ ਸਲਾਹੁਣ ਯੋਗ ਹੈ।ਇਹ ਕਿੱਸਾ ਭਾਵੇਂ ਪ੍ਰੰਪਰਾ ਦਾ ਅਨੁਆਦੀ ਹੈ ਪਰ ਕਵੀਸ਼ਰ ਭੰਮੇ ਨੇ ਇਸ ਵਿੱਚ ਨਵੀਨ ਵਾਰਤਾ ਪ੍ਰਸੰਗ ਅਤੇ ਕਵੀਓ ਵਾਚ

ਦੇ ਜਰੀਏ ਆਦੁਨਿਕਤਾ ਅਤੇ ਨਵੀਨਤਾ ਪੈਦਾ ਕੀਤੀ ਹੈ।ਕਵੀਸ਼ਰ ਦਰਸ਼ਨ ਸਿੰਘ ਭੰਮੇ ਆਪਣੇ ਮਕਸੱਦ ਵਿੱਚ ਪੂਰਨ ਕਾਮਯਾਬ ਹੈ।ਕਿੱਸਾ ਕੇਵਲ ਸਰੋਤਿਆਂ/ਪਾਠਕਾਂ ਦਾ ਮਨ ਪ੍ਰਚਾਵਾ ਹੀ ਨਹੀਂ ਕਰਦਾ ਸਗੋਂ ਨਵੇਂ ਜਮਾਨੇ ਦੀਆਂ ਨਵੀਂਆਂ ਨੈਤਿਕਤਾਵਾਂ ਦੀ ਨਵੀਨ ਖੇਤੀ ਹੈ।ਕਵੀਸ਼ਰੀ ਅਧੀਨ ਰਚਿਤ ਨਵੀਨ ਆਯਾਮਾਂ ਨੂੰ ਬਹਾਲ ਕਰਦੇ ਇਸ ਕਿੱਸੇ ਵਾਸਤੇ ਮੈਂ ਭੂਮਿਕਾ ਦੇ ਦੋ ਸ਼ਬਦ ਲਿਖਕੇ ਪ੍ਰਸੰਨਤਾ ਜ਼ਾਹਿਰ ਕਰਦਾ ਹਾਂ ਆਸ ਕਰਦਾ ਹਾਂ ਕਿ ਇਹ ਕਵੀਸ਼ਰੀ ਕੇਵਲ  ਮਾਲਵੇ ਵਿੱਚ ਹੀ ਨਹੀਂ ਸਗੋਂ ਸੰਸਾਰ ਵਿਚਲੇ ਸਮਸਤ ਪੰਜਾਬੀਆਂ ਨੂੰ ਨਵ-ਚੇਤਨਾ ਅਤੇ ਨਵ ਸਮਾਜਿਕ ਨੈਤਿਕਤਾ ਪ੍ਰਤੀ ਸਜੱਗਤਾ ਪ੍ਰਦਾਨ ਕਰੇਗੀ।

ਸੁਲੱਖਣ ਸਰਹੱਦੀ
(94174-84337)

# ਕਵੀਸ਼ਰੀ ਦਾ ਸ਼ਾਹ ਸਵਾਰ – ਦਰਸ਼ਨ ਸਿੰਘ ਭੰਮੇ

ਦਰਸ਼ਨ ਸਿੰਘ ਭੰਮੇ ਕਵੀਸ਼ਰੀ ਜਗਤ ਵਿੱਚ ਕਿਸੇ ਜਾਣ ਪਹਿਚਾਣ ਦਾ ਮਿਥਾਜ਼ ਨਹੀ ਹੈ।ਦਰਸ਼ਨ ਸਿੰਘ ਭੰਮੇ ਜਿਸ ਤਰਾਂ ਦੇ ਸਰੋਕਾਰ ਸਿਰਜ਼ਦਾ ਹੈ ਉਸੇ ਤਰਾਂ ਦਾ ਬੰਦਾ ਹੈ।ਮੇਰਾ ਵਾਹ ਭਾਵੇਂ ਪਿਛਲੇ ਸਾਲਾਂ ਤੋਂ ਪਿਆ ਹੈ ਪਰ ਇਨ੍ਹਾਂ ਸਾਲਾਂ ਵਿੱਚ ਹੀ ਉਸਦੇ ਪਿਆਰ ਨੇ ਮੈਨੂੰ ਕੀਲ ਲਿਆ ਹੈ।ਅਸਲ ਵਿੱਚ ਉਹ ਕਵੀਸ਼ਰੀ ਦੀ ਉਸ ਕਥਾ ਵਰਗਾ ਹੈ ਜਿਸ ਨੂੰ ਸੁਣ ਕੇ ਸਰੋਤੇ ਕਿਸੇ ਹੋਰ ਦੁਨੀਆਂ ਵਿੱਚ ਚਲੇ ਜਾਂਦੇ ਹਨ।ਸਮੇਂ ਸਮੇਂ ਜਦੋਂ ਸਿਹਤ ਵਿਭਾਗ ਪ੍ਰੋਗਰਾਮ ਕਰਵਾਉਂਦਾ ਹੈ ਤਾਂ ਲੋਕ ਜਾਗਰੂਕਤਾ ਲਈ ਛੰਦ ਲਿਖਣ ਵਾਲਾ ਭੰਮੇ ਮੋਹਰੀ ਰੋਲ ਅਦਾ ਕਰਦਾ ਹੈ। ਮਾਨਸਾ ਖਿੱਤੇ ਨਾਲ ਸਬੰਧਿਤ ਆਪਣੇ ਕੁਲੀਗਾਂ ਦਾ ਉਸਤਾਦ ਹੈ। ਸਾਬੋ ਦੇ ਕਵੀਸ਼ਰੀ ਮੰਚ ਦੀ ਜਿੰਦਜਾਨ ਹੈ। ਨਵੇਂ ਦੌਰ ਦੇ ਚਿੰਤਨ ਵਿੱਚ ਜਿਸ ਤਰਾਂ ਦੀ ਕਵਿਤਾ ਨੂੰ ਰਿਵਾਜ਼ੀ ਵਾਹ ਵਾਹ ਮਿਲ ਰਹੀ ਹੈ ਉਸਦੇ ਸਮਾਨਾਤਰ ਸਾਡੇ ਕੋਲ ਕਵੀਸ਼ਰੀ ਵਰਗੀ ਵਿਧਾ ਲੰਮੇ ਸਮੇਂ ਤੋਂ ਕਾਰਜ਼ਸੀਲ ਹੈ।ਭਾਵੇਂ ਇਹ ਵਿਧਾ ਅਕਾਦਮਿਕ ਹਲਕਿਆਂ ਵਿੱਚ ਉਸ ਤਰਾਂ ਗੌਲੀ ਨਹੀਂ ਗਈ ਜਿਸ ਤਰਾਂ ਇਸਦਾ ਸਥਾਨ ਬਣਦਾ ਸੀ ਪਰ ਫਿਰ ਵੀ ਅਜਿਹੇ ਆਪਾ ਧਾਪੀ ਦੇ ਦੌਰ ਵਿੱਚ ਜਿੰਨ੍ਹਾਂ ਵਿਦਵਾਨਾਂ ਨੇ ਇਸ ਵਿਧਾ ਬਾਰੇ ਕੁਝ ਨ ਕੁਝ ਵਿਚਾਰਿਆ ਉਹਨਾਂ ਦਾ ਧੰਨਵਾਦ ਕਰਨਾ ਬਣਦਾ ਹੈ।ਸਾਹਿਤ ਦੀਆਂ ਗੁੱਝੀਆਂ ਰਮਜ਼ਾਂ ਦੇ ਗਿਆਤਾ ਸਤਗੁਰ ਸਿੰਘ ਦਾ ਵਿਚਾਰ ਬੜਾ ਮੁਲਵਾਨ ਹੈ ਕਿ ਕਵੀਸ਼ਰੀ ਕਾਵਿਧਾਰਾ ਮਲਵਈ ਪੰਜਾਬ ਦੇ ਸੱਭਿਆਚਾਰ ਦਾ ਜਿਸ ਤਰਾਂ ਦਾ ਪ੍ਰਮਾਣਿਕ ਚਿੱਤਰ ਪੇਸ਼ ਕਰਦੀ ਹੈ ਉਸ ਦਾ ਹੋਰ ਕੋਈ ਬਦਲ ਨਹੀਂ ਹੈ।ਪੰਜਾਬੀ ਕਵੀਸ਼ਰੀ ਕਾਵਿ ਪੰਜਾਬੀ ਸਾਹਿਤ ਦੀ ਵੱਡਮੁਲੀ ਅਤੇ ਗੌਰਵਮਈ ਪਰੰਪਰਾ ਹੈ।ਅਫਸ਼ੋਸ ਦੀ ਗੱਲ ਹੈ ਕਿ ਪ੍ਰਕਾਸਿਤ ਨਾ ਹੋਣ ਕਾਰਨ ਸੈਂਕੜੇ ਮਹਾਨ ਕਵੀਸ਼ਰਾਂ ਕਵੀਆਂ ਦੀ ਘਾਲਣਾ ਅਜਾਈ ਚਲੀ ਗਈ ਤੇ ਜਾ ਵੀ ਰਹੀ ਹੈ।ਨਵੇਂ ਦੌਰ ਵਿੱਚ ਬਹੁਤ ਸਾਰੇ ਕਵੀਸ਼ਰਾਂ ਨੇ ਚਿੱਠੇ ਛਪਵਾਉਣ ਵਿੱਚ ਪਹਿਲਕਦਮੀ ਕੀਤੀ ਉਹ ਵੀ ਅਜਿਹੇ ਸਮੇਂ ਵਿੱਚ ਜਦੋਂ ਅਜਿਹੀਆਂ ਵਿਧਾਵਾਂ ਦੀ ਪੁੱਛ ਗਿੱਛ ਨਹੀਂ ਹੋ ਰਹੀ।

ਕਵੀਸ਼ਰੀ ਵਿਧਾ ਕੋਲ ਆਪਣੀ ਅਮੀਰ ਪਰੰਪਰਾ ਹੈ।ਮੰਚੀ ਵਿਧਾ ਹੋਣ ਕਰਕੇ ਸਰੋਤੇ ਤੇ ਪ੍ਰਭਾਵ ਪਾਉਣਾ ਅਤੇ ਆਪਣੀ

ਵਿਚਾਰਧਾਰਕ ਗੱਲ ਕਹਿਣੀ ਇਸ ਵਿਧਾ ਦੇ ਹਿੱਸੇ ਆਈ ਹੈ।ਮੈਂਨੂੰ ਇਹ ਜਰੂਰ ਲੱਗਦਾ ਹੈ ਪਿੰਗਲ ਗਿਆਤਾ ਕੋਲ ਵਿਚਾਰਧਾਰਕ ਸਪੱਸ਼ਟਤਾ ਨਾ ਹੋਣ ਕਾਰਨ ਇਸ ਵਿਧਾ ਨੇ ਜਦੋਂ ਸਿੱਖ ਇਤਿਹਾਸ ਦੀ ਪੇਸ਼ਕਾਰੀ ਕਰਨ ਵੱਲ ਪਹਿਲ ਕਦਮੀ ਕੀਤੀ ਹੈ ਜਾਂ ਤਾਂ ਭਾਵਕਤਾ ਵਾਲੀ ਅਪਰੋਚ ਰਹੀ ਹੈ ਜਾਂ ਗੁਰੂ ਸਾਹਿਬਾਨ ਨੂੰ ਵਿਆਕਤੀ ਵਿਸ਼ੇਸ਼ ਤੱਕ ਘਟਾ ਕੇ ਵੇਖਿਆ ਹੈ।ਦੂਜਾ ਵੱਖ ਮਿਥਿਹਾਸ ਇਤਿਹਾਸ ਦੇ ਪ੍ਰਵਚਨ ਦਾ ਹੈ। ਮਿਥਿਹਾਸਿਕ ਪ੍ਰਵਚਨ ਸਮੇਂ ਗੁਣਗਾਨ ਵਾਲੀ ਇਸ ਵਿਧਾ ਨੇ ਹਿੰਦੂ ਮਿੱਥਾਂ ਨੂੰ ਜਿਉਂ ਦਾ ਤਿਉਂ ਅਗਾਂਹ ਤੋਰਿਆ ਹੈ।ਮੇਰਾ ਨਿੱਜੀ ਮੰਨਣਾ ਹੈ ਕਿ ਜ਼ਿਆਦਾ ਕਵੀਸ਼ਰ ਜੋ ਸਿਰਫ ਪਿੰਗਲ ਗਿਆਤਾ ਹਨ/ਸਨ ਉਨ੍ਹਾਂ ਨੇ ਆਪਣੀ ਰਾਇ ਜਾਂ ਮੌਖਿਕ ਪ੍ਰਵਚਨ ਦੇਣ ਦੀ ਬਜਾਇ ਪਰੰਪਰਕ ਕਥਾਵਾਂ ਨੂੰ ਆਧਾਰ ਬਣਾਕੇ ਸਿਰਫ ਉਸ ਕਥਾ ਨੂੰ ਛੰਦ ਵਿੱਚ ਢਾਲਿਆ ਹੈ। ਦਰਸ਼ਨ ਸਿੰਘ ਭੰਮੇ ਦੀਆਂ ਅਜਿਹੇ ਦੌਰ ਵਿੱਚ ਕਿਤਾਬਾਂ ਛਪਣੀਆਂ ਆਪਣੇ ਆਪ ਵਿੱਚ ਵੱਢਮੁੱਲਾ ਕਾਰਜ ਹੈ।ਦਰਸ਼ਨ ਸਿੰਘ ਭੰਮੇ ਨੇ ਸਿੱਖ ਇਤਿਹਾਸ,ਪ੍ਰੀਤ ਗਥਾਵਾਂ ਅਤੇ ਮਿਥਹਾਸਿਕ ਘਟਨਾਵਾਂ ਨੂੰ ਆਧਾਰ ਬਣਾਕੇ ਚਿੱਠਾ ਸਿਰਜਨਾਂ ਕੀਤੀ ਹੈ।

ਚਿੱਠਾ ਪਰੰਪਰਾ ਵਿੱਚ ਬਹੁਤ ਸਾਰੇ ਕਵੀਸ਼ਰਾਂ ਨੇ ਰੂਪ ਬਸੰਤ ਨੂੰ ਕਵੀਸ਼ਰੀ ਛੰਦ ਵਿੱਚ ਢਾਲਿਆ ਹੈ। ਪ੍ਰੋੜ ਕਵੀਸ਼ਰਾਂ ਤੋਂ ਲੈਕੇ ਭੰਮੇ ਤੱਕ ਹਰ ਕਵੀਸ਼ਰ ਦਾ ਆਪਣਾ ਵਿਧਾਨ ਰਿਹਾ ਹੈ। ਭੰਮੇ ਨੇ ਇਸ ਪਰੰਪਰਾ ਨੂੰ ਬਰਕਰਾਰ ਰੱਖਿਆ ਹੈ ਉਹ ਤੁਰੀ ਆਉਦੀ ਕਥਾ ਨੂੰ ਜਿਉਂ ਦਾ ਤਿਉਂ ਤੋਰਦਾ ਹੈ ਉਹ ਨਾ ਤਾਂ ਮਿੱਥ ਭੰਜਕ ਹੈ ਅਤੇ ਨਾ ਹੀ ਨਕਲਚੀ ਰੂਪ ਬਸੰਤ ਦਾ ਕਿੱਸਾ ਲਿਖਣ ਦਾ ਉਸਦਾ ਵੱਖਰਾ ਅੰਦਾਜ਼ ਹੈ।ਛੰਦ ਸਿਰਜਨਾਂ ਵਿੱਚ ਉਹ ਪ੍ਰਬੀਨ ਹੈ।ਕਿਉਕਿ ਉਸਨੇ ਮਾਲਵੇ ਦੇ ਸੁਪ੍ਰਸਿੱਧ ਸ਼ਾਇਰ ਤੇ ਕਵੀਸ਼ਰ ਜਨਾਬ ਰੇਵਤੀ ਪ੍ਰਸ਼ਾਦ ਸਰਮਾਂ ਤੋਂ ਕੰਨ 'ਚ ਮੁੰਦਰ ਪਾਈ ਹੈ।ਸਿਲਪ ਵਿਧਾਨ ਦੇ ਪੱਖ ਤੋਂ ਉਸਨੇ ਭਾਰਤੀ ਕਾਵਿ ਸ਼ਾਸਤਰੀ ਦੇ ਸੁਹਜ ਨੂੰ ਬਰਕਰਾਰ ਰੱਖਿਆ ਹੈ। ਲੋਕ ਤੱਥ ਅਤੇ ਮੁਹਾਵਰੇ ਵਾਲੀ ਸ਼ੈਲੀ ਉਸਦਾ ਹਾਸਿਲ ਹੈ।ਮਿਸਾਲ ਵਜੋਂ:-

ਕਬਿੱਤ ਛੰਦ ਦੀਆਂ ਤੁਕਾਂ—

ਚੜਦੀ ਜਵਾਨੀ ਕਦੇ ਵੇਖਦੀ ਨਾ ਚੰਗਾ ਮਾੜਾ,<br>
ਅਲਕ ਵਛੇਰੇ ਵਾਂਗੂ ਹੁੰਦੈ ਪੂਰਾ ਜੋਸ਼ ਜੀ।

ਛੰਦ ਕਵੀਸ਼ਰੀ ਦਾ ਸਰੀਰ ਹੈ। ਛੰਦ ਵਿਵਿਧਤਾ ਚਿਠਿਆਂ ਦੀ ਰੂਹ ਹੁੰਦੀ ਹੈ। ਭੰਮੇ ਦੀ ਖੂਬ ਸੂਰਤੀ ਇਸੇ ਗੱਲ ਵਿੱਚ ਹੈ ਕਿ ਉਸਨੇ ਉਨ੍ਹਾਂ ਛੰਦਾਂ ਵਿੱਚ ਪ੍ਰਵਚਨ ਸਿਰਜਿਆ ਹੈ ਜਿਨ੍ਹਾਂ ਵਿੱਚ ਰਵਾਨਗੀ ਅਤੇ ਕਥਾ ਰਸ ਦਾ ਰਹੱਸ ਹੈ।ਛੰਦ ਨੂੰ ਖ਼ੂਬਸੂਰਤ ਅਤੇ ਮਲਵਈ ਧਰਾਤਲ ਨਾਲ ਜੋੜਨ ਲਈ ਕਈ ਥਾਵਾਂ ਤੇ ਮੌਖਿਕ ਰੂਪ ਵਿੱਚ ਬੋਲੇ ਜਾਣ ਵਾਲੇ ਸ਼ਬਦ ਵਰਤ ਲਏ ਹਨ। ਭੰਮੇ ਕੋਲ ਕਥਾ ਨੂੰ ਕਹਿਣ ਦਾ ਢੰਗ ਹੈ।ਉਸ ਦੀ ਕਥਾ ਵਿੱਚ ਰਸ ਹੈ। ਪਾਠਕ ਅਤੇ ਸਰੋਤੇ ਨੂੰ ਨਾਲ ਤੋਰਨਾ ਕਿਸੇ ਵੀ ਲਿਖਤ ਦਾ ਹਾਸਿਲ ਹੁੰਦਾ ਹੈ।ਮੈਂ ਭੰਮੇ ਦੇ ਕਈ ਅਖਾੜੇ ਸੁਣੇ ਹਨ।ਉਨ੍ਹਾਂ ਦੇ ਸ਼ਾਗਿਰਦ ਅਤੇ ਭੰਮੇ ਜਦੋਂ ਸਟੇਜ ਲਾਉਂਦੇ ਹਨ ਤਾਂ ਸ਼ਬਦਾਂ ਦੀ ਟੁਣਕਾਰ ਅਤੇ ਛੰਦ ਕਹਿਣ ਦੇ ਢੰਗ ਨਾਲ ਦ੍ਰਿਸ਼ ਸਿਰਜ ਲੈਂਦੇ ਹਨ। ਏਨੀ ਡੂੰਘਾਈ ਵਿੱਚ ਉਤਰਦੇ ਹਨ ਕਿ ਸਰੋਤਾ ਅੰਦਰੋਂ ਬਾਹਰੋਂ ਭਿਜ ਜਾਂਦਾ ਹੈ। ਕਵੀਸ਼ਰੀ ਵਿਧਾ ਦੀ ਖਾਸੀਅਤ ਵੀ ਇਹੋ ਹੀ ਹੈ। ਭਾਵੇਂ ਨਵੇਂ ਦੌਰ ਦੇ ਨਵੇਂ ਪੋਚ ਨੇ ਇਸ ਵਿਧਾ ਤੋਂ ਵਿੱਥ ਨਾਪ ਲਈ ਹੈ ਪਰ ਹੁਣ ਵੀ ਜਦੋਂ ਪਿੰਡਾਂ ਵਿੱਚ ਗੱਲ ਤੁਰਦੀ ਹੈ ਤਾਂ ਬਹੁਤ ਸਾਰੇ ਨਵੇਂ ਮੁੰਡੇ ਇਸ ਨਾਲ ਜੁੜਣ ਦੀ ਤਾਂਘ ਰੱਖਦੇ ਹਨ।ਸੋ ਅਜਿਹੀਆਂ ਵਿਧਾਵਾਂ ਨਾਲ ਆਪਣੇ ਆਪ ਨੂੰ ਜੋੜਨਾ ਧਰਤੀ ਨਾਲ ਜੁੜਨ ਵਰਗੀ ਗੱਲ ਹੁੰਦੀ ਹੈ।ਇਸ ਕਿਰਤ ਦਾ ਸਾਹਿਤ ਦੇ ਪਿੜ ਵਿੱਚ ਸੁਆਗਤ।

ਗੁਰਦੀਪ ਸਿੰਘ
ਸਹਾਇਕ ਪ੍ਰੋਫੈਸਰ
ਗੁਰੂ ਨਾਨਕ ਕਾਲਜ ਬੁਢਲਾਡਾ(ਮਾਨਸਾ)
ਮੋਬਾ:-94177-86546

## ਮੰਗਲਾ ਚਰਣ

ਓਮਕਾਰ ਪ੍ਰਮਾਤਮਾ ਰੰਗ ਤੇਰੇ,
ਤੇਰੇ ਰੰਗਾਂ ਦਾ ਰੰਗ ਨਾ ਕਹਿ ਹੋਵੇ।
ਪਿੰਗਲ ਰਿਸ਼ੀ ਦੀ ਕੁੱਖ 'ਚੋਂ ਕਰੀ ਪੈਦਾ,
ਇਸਦੇ ਨਾਲ ਦੀ ਕੋਈ ਨਾ ਸ਼ੈਅ ਹੋਵੇ।
ਤੱਪਦੇ ਹਿਰਦਿਆਂ ਨੂੰ ਸੀਤ ਸਮਾਨ ਕਰਦੀ,
ਮਿੱਠੀ ਮਿੱਠੀ ਜੀ ਛੰਦਾਂ ਦੀ ਲੈਅ ਹੋਵੇ।
ਮੈਂ ਆਖਦਾ ਤੁਸੀਂ ਵੀ ਕਹੋ ਸਾਰੇ,
ਰਮਣ ਰੇਵਤੀ ਗੁਰਾਂ ਦੀ ਜੈ ਹੋਵੇ॥

## ਦੋਹਿਰਾ

ਮਿਸਰ ਦੇਸ਼ ਦੇ ਨਿਰਪ ਨੇ,ਲਾਇਆ ਹੈ ਦਰਬਾਰ,
ਕਥਾ ਸਣਾਓ ਸੱਚ ਦੀ ਕਰਦਾ ਇੰਝ ਪੁਕਾਰ।
ਲਾਗ ਦੇਣਾ ਮੁੱਖ ਮੰਗਿਆ ਚਾਹੇ ਮੰਗਣਾ ਹਾਰ,
ਐਸੀ ਕਥਾ ਉਚਾਰਣੀ ਦੇਵੇ ਸੀਨਾਂ ਠਾਰ।

## ਕਬਿੱਤ

ਰਾਜੇ ਦੇ ਮੁਖਾਰ ਵਿੱਚੋਂ ਸੁਣਕੇ ਅਜੀਬ ਗੱਲ,
ਹੋ ਗਏ ਹੈਰਾਨ ਸਭੇ ਬੈਠੇ ਨਰ ਨਾਰੀਆਂ।
ਕੋਈ ਨਾ ਪੁਕਾਰ ਕਹੇ ਕਥਾ ਮੈਂ ਸਣਾਉਣੀਐ,
ਸਭਨਾਂ ਦੇ ਬੰਦ ਮੁੱਖ ਜੈਸੇ ਬੰਦ ਵਾਰੀਆਂ।
ਬਿੱਪਰ ਵੀ ਚੁੱਪ ਚਾਪ ਤੱਕੀ ਜਾਣ ਰਾਜੇ ਵੱਲ,
ਕੌਰ ਨੇ ਕਦੇ ਨਾ ਪਹਿਲਾਂ ਐਸੀਆਂ ਉਚਾਰੀਆਂ।
ਸਿਰ ਨੀਵਾਂ ਕਰ ਸਾਰੇ ਧਰਤੀ ਖਰੋਲ ਦੇ ਨੇ,
ਕਿਸੇ ਦੇ ਨਾ ਯਾਦ ਭੰਮੇ ਬਾਤਾਂ ਜੋ ਨਿਆਰੀਆਂ॥

## ਦੋਹਿਰਾ

ਮਾਲਣ ਉਠਕੇ ਆਖਦੀ ਮੈਂ ਸਣਾਉਣੀ ਬਾਤ,
ਗਾਥਾ ਮੇਰੀ ਉੱਚ ਦੀ ਕਰੇ ਹੋਰਾਂ ਨੂੰ ਮਾਤ।

## ਚਟਪਟਾ ਛੰਦ

ਮਾਲਣ ਅਰਜ਼ ਗੁਜ਼ਾਰ ਦੀ ਸੁਣੋ ਬਾਤ ਹਮਾਰੀ,
ਜਿਹੜੀ ਆਪ ਨੂੰ ਦੱਸਣੀ ਉਹ ਬੜੀ ਨਿਆਰੀ।
ਸੁਣਕੇ ਚਿੱਤ ਹੈ ਡੋਲਦਾ ਟਪਕੇ ਅੱਖੋਂ ਪਾਣੀ,
ਦੋ ਭਾਈਆਂ ਦੀ ਰਾਜਨਾ, ਹੈ ਦਰਦ ਕਹਾਣੀ।1।

ਧਰਤੀ ਉੱਤੇ ਆਣਕੇ ਸਭ ਦੁੱਖੜੇ ਸਹਿੰਦੇ,
ਪਾਕੇ ਰਿਸਤੇਦਾਰੀਆਂ ਦੂਜੇ ਸੰਗ ਰਹਿੰਦੇ,
ਐਸੇ ਉਲਝੇ ਰਾਜਿਆ ਜੈਸੇ ਪੇਟਾ ਤਾਣੀ,
ਦੋ ਭਾਈਆਂ ਦੀ ਰਾਜਨਾ ਹੈ ਦਰਦ ਕਹਾਣੀ।2।

ਖੁਦਗਰਜ਼ੀ ਦਾ ਜੋਰ ਹੈ ਨਾ ਬੇਲੀ ਕੋਈ,
ਜਿਹੜਾ ਲੋੜਾਂ ਪੂਰਦਾ ਮਾਤ-ਪਿਤਾ ਹੈ ਸੋਈ,
ਸਭ ਲਾਲਚ ਦੇ ਵੱਸ ਹੈ ਕੀ ਰਾਜਾ ਕੀ ਰਾਣੀ,
ਦੋ ਭਾਈਆਂ ਦੀ ਰਾਜਨਾ ਹੈ ਦਰਦ ਕਹਾਣੀ ।3।

ਆਪਣੇ ਸੁੱਖਾਂ ਵਾਸਤੇ ਬਾਪੂ ਬੱਚੇ ਭੁੱਲਦੇ,
ਬਿਨ ਮਾਤਾ ਦੇ ਰਾਜਨਾ ਬੱਚੇ ਗਲੀਏ ਰੁੱਲਦੇ,
ਕਿਸ ਨੂੰ ਆਖਣ ਬੋਲਕੇ ਅਸੀਂ ਰੋਟੀ ਖਾਣੀ,
ਦੋ ਭਾਈਆਂ ਦੀ ਰਾਜਨਾ ਹੈ ਦਰਦ ਕਹਾਣੀ।4।

ਔਰਤ ਬਾਝੋਂ ਪੁਰਸ਼ ਨੂੰ ਦਿਨ ਕੱਟਣੇ ਔਖੇ,
ਗੱਲ ਕੋਈ ਨਾ ਔੜਦੀ ਦੁੱਖ ਆਵਣ ਚੋਖੇ
ਹੋਰ ਨਜ਼ਰ ਸੇ ਤੱਕਦੇ ਗੱਲ ਸੱਚੀ ਜਾਣੀ,
ਦੋ ਭਾਈਆਂ ਦੀ ਰਾਜਨਾ ਹੈ ਦਰਦ ਕਹਾਣੀ।5।

ਹੱਡ ਬੀਤੇ ਦੁੱਖ ਲੱਗਦਾ ਜੱਗ ਬੀਤੇ ਹਾਸੀ,
ਮਾੜੀ ਦਸ਼ਾ ਜਦ ਆਂਵਦੀ ਰਾਣੀ ਬਣਦੀ ਦਾਸੀ,
ਪਲ ਵਿੱਚ ਬੌਰੀ ਹੋਂਵਦੀ ਜੋ ਹੱਦੋਂ ਸਿਆਣੀ,
ਦੋ ਭਾਈਆਂ ਦੀ ਰਾਜਨਾ ਹੈ ਦਰਦ ਕਹਾਣੀ।6।

ਦੁੱਖ ਸੁੱਖ ਦੋਵੇਂ ਕੌਰ ਜੀ ਪਾਰਦ ਦੇ ਸਾਥੀ,
ਇੱਕ ਜਗਾ ਨਾ ਰੁਕਦੇ ਜੈਸੇ ਕਾਮੀ ਹਾਥੀ,
ਗਤੀ ਨਿਆਰੀ ਓਸਦੀ ਨਾ ਕਿਸੇ ਪਛਾਣੀ,
ਦੋ ਭਾਈਆਂ ਦੀ ਰਾਜਨਾ ਹੈ ਦਰਦ ਕਹਾਣੀ।7।

ਜੇ ਚਿੱਤ ਚਾਹੇ ਆਪਦਾ ਤਾਂ ਆਖ ਸੁਣਾਵਾਂ,
ਨਹੀਂ ਤਾਂ ਦੇਵੋ ਆਗਿਆ ਮੈਂ ਉਠ ਤੁਰ ਜਾਵਾਂ,
ਹੁਕਮ ਭੰਮਿਆਂ ਆਪਦਾ ਮੈਂ ਗਾਥਾ ਗਾਣੀ,
ਦੋ ਭਾਈਆਂ ਦੀ ਰਾਜਨਾ ਹੈ ਦਰਦ ਕਹਾਣੀ।8।

## ਦੋਹਿਰਾ

ਰਾਜਾ ਆਖੇ ਮਾਲਣੇ ਛੇਤੀ ਗਾਥਾ ਤੋਰ,
ਸੁਣਨੀ ਨਾਲ ਧਿਆਨ ਦੇ ਨਾ ਕੋਈ ਪਾਊ ਸ਼ੋਰ।

## ਬੈਂਤ

ਰਾਜਾ ਆਖਦਾ ਮਾਲਣੇ ਹੁਕਮ ਤੈਨੂੰ,
ਲਾਕੇ ਚਿੱਤ ਤੂੰ ਗਾਥਾ ਉਚਾਰਦੇ ਨੀ।
ਕੌਣ ਭਾਈ ਉਹ ਜਿੰਨਾਂ ਨੇ ਦੁੱਖ ਝੱਲੇ,
ਕਿਵੇਂ ਵਿਛੜੇ ਵਿੱਚੋਂ ਪਰਿਵਾਰ ਦੇ ਨੀ।

ਕਿਹੜਾ ਦੇਸ਼ ਤੇ ਕਿਸਦੇ ਫਰਜ਼ੰਦ ਦੋਵੇਂ
ਤੋੜੇ ਦੱਸ ਕਿਓ ਫੁੱਲ ਗੁਲਨਾਰ ਦੇ ਨੀ।
ਹੁਣ ਕਿੱਥੇ ਤੇ ਦੱਸਕੀ ਕਾਰ ਕਰਦੇ
ਨੌਕਰ ਲੱਗੇ ਨੇ ਕਿਹੜੀ ਸਰਕਾਰ ਦੇ ਨੀ।
ਕਿਹੜੇ ਦੁੱਖ ਆਏ ਐਸੇ ਪਰਿਵਾਰ ਉੱਤੇ
ਤੋੜ ਸੁਟੇ ਕਿਓ ਫੁੱਲ ਜੋ ਹਾਰ ਦੇ ਨੀ।
ਜਿਉਂਦੇ ਹੋਏ ਤਾਂ ਲੱਭਾਗੇ ਤਾਣ ਲਾਕੇ
ਸੱਚੀ ਗੱਲ ਤੂੰ ਛੇਤੀ ਪੁਕਾਰ ਦੇ ਨੀ।
ਮਾਤਾ ਦੋਵਾਂ ਦੀ ਅੱਖੀਓ ਹੋਊ ਅੰਨੀ
ਪੁੱਤਰ ਮਿਲਦੇ ਨਾ ਵਿੱਚ ਬਜ਼ਾਰ ਦੇ ਨੀ।
ਗਾਥਾ ਦੁੱਖਾਂ ਦੀ ਸੁਣ ਧਰਵਾਸ ਆਵੇ
ਦੁੱਖਾਂ ਬਿਨਾਂ ਨਾ ਜੀਵ ਸੰਸਾਰ ਦੇ ਨੀ।
ਤੂੰ ਉਚਰੀ ਸੁਣੂ ਮੈਂ ਚਿੱਤ ਲਾਕੇ
ਡਰ ਨੂੰ ਦਿਲ ਦੇ ਵਿੱਚੋਂ ਵਿਸਾਰ ਦੇ ਨੀ।
ਲਾਗ ਦੇਣਗੇ ਮਾਲਣੇ ਬਹੁਤ ਉੱਚਾ
ਗੁਰੂ ਮੇਰੇ ਤੇ ਚੇਲੇ ਰਚਨਹਾਰ ਦੇ ਨੀ॥

## ਬੈਂਤ

ਮਾਲਣ ਆਖਦੀ ਰਾਜਿਆ ਅਰਜ਼ ਮੇਰੀ,
ਪਹਿਲਾਂ ਰਾਮ ਦਾ ਨਾਮ ਉਚਾਰੀਏ ਜੀ।
ਵਿਘਨ ਕੋਈ ਨਾ ਆਵੇ ਕਾਜ਼ ਅੰਦਰ,
ਬਿੱਪਰ ਸੱਦਕੇ ਗੱਲ ਵਿਚਾਰੀਏ ਜੀ।
ਚੱਲੀ ਮੁੱਢ ਤੋਂ ਆਉਂਦੀਐ ਰੀਤ ਏਹੀ,
ਓਸ ਰੀਤ ਨੂੰ ਨਾ ਮਨੋਂ ਵਿਸਾਰੀਏ ਜੀ।
ਭੰਮੇ ਵਾਲਿਆ ਗੁਰਾਂ ਦੀ ਮੇਹਰ ਹੋਜੇ,
ਸਭਾ ਵਿੱਚ ਨਾ ਕਦੇ ਵੀ ਹਾਰੀਏ ਜੀ॥

# ਮਨੋਹਰ ਭਵਾਨੀ ਛੰਦ

ਤੁਸਾਂ ਕੀਤੀ ਮਨਜ਼ੂਰ ਅਸੀਂ ਕਥਨੀ ਜਰੂਰ
ਨਹੀਂ ਦਿਲ 'ਚ ਗਰੂਰ ਸੱਚੋ ਸੱਚੀ ਗੱਲ ਜੀ,
ਗਾਥਾ ਸੁਣ ਪੈਣਗੇ ਕਲੇਜੇ ਸੱਲ ਜੀ।

ਪਹਿਲਾਂ ਰਾਮ ਜੀ ਧਿਆਉਣਾ, ਫੇਰ ਹੱਥ ਕੰਮ ਲਾਉਣਾ,
ਨਾ ਵਿਘਨ ਕੋਈ ਆਉਣਾ, ਸੱਚੀ ਜਾਣੀ ਰਾਜਨਾ,
ਸ਼ੁਰੂ ਫੇਰ ਕਰਾਂਗੇ ਕਹਾਣੀ ਰਾਜਨਾ ॥1॥

ਕੁਲ ਮੰਤਰੀ ਬਲਾਓ, ਦੇਰ ਜਮਾਂ ਵੀ ਨਾ ਲਾਓ,
ਸਾਰੇ ਸ਼ਰਧਾ ਸੇ ਗਾਓ,ਗੁਣ ਕਰਤਾਰ ਦੇ,
ਜਾਈਏ ਬਲਿਹਾਰੇ ਜੀ ਰਚਨਹਾਰ ਦੇ।

ਚੰਗੇ ਹੋਣ ਸਦਾ ਕੰਮ,ਭੂੰਮੀਂ ਦੇਵੇ ਬਹੁਤਾ ਜੰਮ,
ਕਾਨੇ ਬਣਦੇ ਨੇ ਥੰਮ,ਸੁਣ ਬਾਣੀ ਰਾਜਨਾ,
ਸ਼ੁਰੂ ਫੇਰ ਕਰਾਂਗੇ ਕਹਾਣੀ ਰਾਜਨਾ॥2॥

ਦੋ ਭਾਈ ਇੱਕ ਮਾਤਾ,ਲੇਖ ਅੱਡੋ ਅੱਡ ਪਾਤਾ,
ਰਾਠੋਂ ਰੰਕ ਬਣਾਤਾ,ਖੇਡ ਨਿਆਰੀ ਓਸਦੀ,
ਕਿਸੇ ਦੇ ਨਾ ਵੱਸ ਬਾਤ ਸਾਰੀ ਓਸਦੀ।

ਓਟ ਓਸਦੀ ਤਕਾਈ,ਦੁੱਖ ਆਉਂਦੇ ਨਹੀਂ ਰਾਈ,
ਚੀਰ ਦੇਕੇ ਬਚਾਈ,ਪਾਂਡੋ ਰਾਣੀ ਰਾਜਨਾ,
ਸ਼ੁਰੂ ਫੇਰ ਕਰਾਂਗੇ ਕਹਾਣੀ ਰਾਜਨਾ॥3॥

ਹੁਣ ਪੰਡਤ ਸਦਾਓ, ਧੂਫ ਜੋਤ ਵੀ ਜਗਾਓ,
ਸੀਸ ਚਰਨੀ ਟਕਾਓ,ਪਰਬਦਗਾਰ ਦੇ,
ਤੇਰੇ ਬਿਨਾਂ ਕੇਸ਼ਵਾ ਨਾ ਕਿਸੇ ਕਾਰ ਦੇ।

ਸਿਰੇ ਲਾਕੇ ਕੰਮਕਾਰ,ਛੱਡ ਸਗਲੇ ਵਿਚਾਰ,
ਆਕੇ ਵਿੱਚ ਦਰਬਾਰ,ਬਣੋ ਪਾਣੀ ਰਾਜਨਾ,
ਸ਼ੁਰੂ ਫੇਰ ਕਰਾਂਗੇ ਕਹਾਣੀ ਰਾਜਨਾ॥4॥

ਰਾਜਾ ਹੁਕਮ ਸੁਣਾਵੇ,ਦੇਰੀ ਪਲ ਦੀ ਨਾ ਲਾਵੇ,
ਮੁੱਖੋਂ ਰਾਮ ਰਾਮ ਗਾਵੇ,ਬਿੱਪਰ ਬਲਾਏ ਨੇ,
ਮਾਲਣ ਦੇ ਬੋਲ ਰਾਜੇ ਨੇ ਪੁਗਾਏ ਨੇ।

ਸਾਰੇ ਖੜੇ ਹੱਥ ਜੋੜ, ਸਾਨੂੰ ਤੇਰੀ ਸਦਾ ਲੋੜ,
ਸਾਡੀ ਸ਼ਰਧਾ ਨਾ ਤੋੜ, ਗਾਥਾ ਗਾਣੀ ਰਾਜਨਾ,
ਸ਼ੁਰੂ ਫੇਰ ਕਰਾਂਗੇ ਕਹਾਣੀ ਰਾਜਨਾ ॥5॥

## ਦੋਹਿਰਾ

ਸਾਰੇ ਸੌਣ ਵਿਚਾਰਕੇ,ਲਈ ਕਹਾਣੀ ਤੋਰ,
ਨਾ ਕੋਈ ਹਿੱਲੇ ਧਰਤ ਤੋਂ ਨਾ ਕੋਈ ਪਾਵੇ ਸ਼ੋਰ।

## ਕੇਸਰੀ ਛੰਦ

ਸੰਗਲਦੀਪ ਦੇਸ਼ ਸਾਰੇ ਮਸ਼ਾਹੂਰ ਜੀ,
ਰਾਜਾ ਖੜਗਸੈਨ ਸਸੀ ਜੈਸਾ ਨੂਰ ਜੀ,
ਇੱਕੋ ਜੈਸੇ ਸਾਰੇ ਨਹੀਂ ਜਾਤ ਰਾਜਨਾ,
ਸੁਰਗਾਪੁਰੀ ਨੂੰ ਕਰੇ ਮਾਤ ਰਾਜਨਾ॥1॥

ਭੋਗਦੇ ਅਨੰਦ ਦੁੱਖ ਨਹੀਂ ਨੇੜ ਜੀ,
ਰਹਿੰਦੇ ਸੰਗ ਸੰਗ ਦਿਸਦੀ ਨਾ ਤੇੜ ਜੀ,
ਸੱਚੀ ਸੱਚੀ ਹੁੰਦੀ ਓਥੇ ਬਾਤ ਰਾਜਨਾ,
ਸੁਰਗਾਪੁਰੀ ਨੂੰ ਕਰੇ ਮਾਤ ਰਾਜਨਾ॥2॥

ਚਾਰੇ ਪਾਸੇ ਬਾਗ ਲੱਗੇ ਗੁਲਨਾਰ ਦੇ,
ਦਿੰਦੇ ਖੁਸ਼ਬੋਆਂ ਵਿੱਚ ਤਾਂ ਬਹਾਰ ਦੇ,
ਅੱਖੀਆਂ ਸਰਦ ਮਾਰ ਝਾਤ ਰਾਜਨਾ,
ਸੁਰਗਾਪੁਰੀ ਨੂੰ ਕਰੇ ਮਾਤ ਰਾਜਨਾ ॥3॥

ਆੜੂ ਅੰਮਰੂਦ ਸੰਤਰੇ ਅੰਗੂਰ ਜੀ,
ਅੰਬੀਆਂ ਤੇ ਆਉਂਦਾ ਹੱਦੋਂ ਵੱਧ ਬੂਰ ਜੀ,
ਰਾਜਾ ਕਹੇ ਰਾਮ ਦੀ ਹੈ ਦਾਤ ਰਾਜਨਾ,
ਸੁਰਗਾਪੁਰੀ ਨੂੰ ਕਰੇ ਮਾਤ ਰਾਜਨਾ।4॥

ਤੋਤੇ ਮੋਰ ਘੁੱਗੀ ਸਾਰੇ ਜੋ ਜਨੌਰ ਜੀ,
ਖੁਸ਼ੀਆਂ 'ਚ ਰਹਿੰਦੇ ਤਿੱਤਲੀ ਤੇ ਭੌਰ ਜੀ
ਲੈਂਦੇ ਨੇ ਆਨੰਦ ਰੁੱਖ ਪਾਤ ਰਾਜਨਾ,
ਸੁਰਗਾਪੁਰੀ ਨੂੰ ਕਰੇ ਮਾਤ ਰਾਜਨਾ॥5॥

ਇੱਕੋ ਜਗਾ ਸ਼ੇਰ ਗਊ ਵਾਸ ਕਰਦੇ,
ਸ਼ਾਂਤ ਚਿੱਤ ਰਹਿੰਦੇ ਨਾ ਕਿਸੇ ਤੋਂ ਡਰਦੇ,
ਲਾਉਂਦੇ ਨਾ ਬਘੇਰੇ ਕਦੇ ਘਾਤ ਰਾਜਨਾ,
ਸੁਰਗਾਪੁਰੀ ਨੂੰ ਕਰੇ ਮਾਤ ਰਾਜਨਾ॥6॥

ਰੂਪਾਵਤੀ ਰਾਣੀ ਸੁੰਦਰ ਅਪਾਰ ਜੀ,
ਰੂਪ ਤੇ ਬਸੰਤ ਓਸਦੇ ਕੁਮਾਰ ਜੀ,
ਮਾਤਾ ਬਿਨਾਂ ਕੱਟਦੇ ਨਾ ਰਾਤ ਰਾਜਨਾ,
ਸੁਰਗਾਪੁਰੀ ਨੂੰ ਕਰੇ ਮਾਤ ਰਾਜਨਾ॥7॥

ਰਾਜਾ ਰਾਣੀ ਖੁਸ਼ ਬੱਚਿਆਂ ਦੇ ਨਾਲ ਜੀ,
ਖੁਸ਼ੀਆਂ 'ਚ ਲੰਘਦੇ ਮਹੀਨੇ ਸਾਲ ਜੀ,
ਬੱਚਿਆਂ ਦੇ ਵਾਂਗੂ ਬੱਚੇ ਖਾਤ ਰਾਜਨਾ,
ਸੁਰਗਾਪੁਰੀ ਨੂੰ ਕਰੇ ਮਾਤ ਰਾਜਨਾ॥8॥

ਕਰੀ ਮੈਂ ਸਿਫਤ ਵੇਖੀ ਨਹੀਂ ਭੌਮਿਆਂ,
ਜਿਸ ਕੋਲੋ ਸੁਣੀ ਓਹੋ ਓਥੇ ਜੰਮਿਆਂ,
ਸੁੱਖਾਂ ਵਾਲੀ ਦੱਸੇ ਓਥੇ ਛਾਤ ਰਾਜਨਾ,
ਸੁਰਗਾਪੁਰੀ ਨੂੰ ਕਰੇ ਮਾਤ ਰਾਜਨਾ ॥9॥

## ਕਬਿੱਤ

ਪੂਰਨ ਆਨੰਦ ਵਿੱਚ ਮਾਰਦੇ ਸੀ ਮੌਜਾਂ ਚਾਰੇ,
ਦਿਨ ਰਾਤ ਇੱਕੋ ਜੈਸੇ ਲੱਗਦੇ ਸੀ ਰਾਜਨਾ।
ਸੁੰਦਰ ਅਪਾਰ ਚਾਰੇ ਕਰੀ ਨਾ ਸਿਫਤ ਜਾਂਦੀ,
ਆਪ ਜੈਸੇ ਮੁੱਖ ਵਾਂਗ ਦੱਗਦੇ ਸੀ ਰਾਜਨਾ।
ਪਰਜਾ ਆਨੰਦ ਭੋਗੇ ਦੁੱਖ ਨਾ ਕਲੇਸ ਕੋਈ,
ਮੋੜ ਮੋੜ ਉੱਤੇ ਲਾਟੂ ਜੱਗਦੇ ਸੀ ਰਾਜਨਾ।
ਰੂਪ ਤੇ ਬਸੰਤ ਦੋਵੇਂ ਫੁੱਲ ਜੋ ਗੁਲਾਬ ਦੇ ਸੀ,
ਹੋਰ ਖੁਸ਼ਬੂਆਂ ਤਾਂਈ ਠੱਗ ਦੇ ਸੀ ਰਾਜਨਾ।

## ਕਬਿੱਤ

ਪਾਰਦ ਸਮਾਨ ਹੁੰਦੀ ਸੁੱਖਾਂ ਦੀ ਤਸੀਰ ਕਹਿੰਦੇ,
ਇੱਕੋ ਜਗਾ ਬਹੁਤਾ ਚਿਰ ਰੁਕਦੇ ਨਾ ਰਾਜਨਾ।
ਚਾਣ ਚੱਕ ਰੂਪਾਵਤੀ ਹੋਗੀ ਬਿਮਾਰ ਜ਼ਿਆਦਾ,
ਅੱਖੀਆਂ 'ਚੋਂ ਹੰਝੂ ਵਗੇ ਸੁਕਦੇ ਨਾ ਰਾਜਨਾ।
ਰੂਪ ਤੇ ਬਸੰਤ ਤਾਂਈ ਖਿੱਚ ਖਿੱਚ ਗਲੇ ਲਾਵੇ,
ਮਾਤਾ ਵਾਲੇ ਲਾਡ ਕਦੇ ਮੁਕਦੇ ਨਾ ਰਾਜਨਾ।
ਵੈਦ ਤੇ ਹਕੀਮ ਕਹਿੰਦੇ ਵੱਸ ਨਾ ਬਿਮਾਰੀ ਸਾਡੇ
ਹੁੰਦੀ ਵੱਸ ਸਾਡੇ ਅਸੀ ਲੁਕਦੇ ਨਾ ਰਾਜਨਾ॥

## ਦੋਹਿਰਾ

ਭੌਰ ਉਡਾਰੀ ਲਾ ਗਿਆ,ਸੁੰਨਾ ਛੱਡ ਸਰੀਰ,
ਰੋਣਾ ਪੱਲੇ ਰਹਿ ਗਿਆ ਕੌਣ ਬੰਨਾਵੇ ਧੀਰ।

## ਕੇਸਰੀ ਛੰਦ

ਆ ਗਿਆ ਵਕਤ ਨਹੀਂ ਜਾਂਦਾ ਠੱਲਿਆ,
ਕਿਥੋਂ ਆਉਂਦੇ ਜਾਂਦੇ ਭੇਤ ਨਹੀਂ ਬੱਲਿਆ,
ਭੈੜੀ ਹੋਣਹਾਰ ਮਾਰੇ ਭੈੜੇ ਤੀਰ ਜੀ,
ਰੂਪਾਵਤੀ ਰਾਣੀ ਛੱਡਗੀ ਸਰੀਰ ਜੀ॥1॥

ਰਾਜਾ ਖੜਾ ਰੋਵੇ ਨਾਲੇ ਕਹੇ ਬੋਲਕੇ
ਤੇਰੇ ਬਿਨਾਂ ਰਾਣੀ ਨਾ ਦੁਆਨੀ ਮੋਲਕੇ
ਦੁੱਖਾਂ ਸੁੱਖਾਂ ਵਿੱਚ ਔਰਤ ਵਜ਼ੀਰ ਜੀ,
ਰੂਪਾਵਤੀ ਰਾਣੀ ਛੱਡਗੀ ਸਰੀਰ ਜੀ॥2॥

ਉੱਚੀ ਉੱਚੀ ਬੋਲ ਹੈ ਅਵਾਜ਼ਾਂ ਮਾਰਦਾ,
ਰੂਪਾਵਤੀ ਬੋਲ ਨੈਣੋਂ ਹੰਝੂ ਡਾਰਦਾ,
ਤੇਰੇ ਬਿਨਾਂ ਅੰਬ ਲੱਗਦੇ ਕਰੀਰ ਜੀ,
ਰੂਪਾਵਤੀ ਰਾਣੀ ਛੱਡਗੀ ਸਰੀਰ ਜੀ॥3॥

ਵਾਰੀ ਵਾਰੀ ਦੇਹੀ ਰਾਣੀ ਦੀ ਹਿਲਾਂਵਦਾ,
ਉਠ ਰੂਪਾਵਤੀ ਕੀਰਨੇ ਹੈ ਪਾਂਵਦਾ,
ਰੁੱਸੀ ਕਾਹਤੋਂ ਅੱਜ ਮੇਰੀ ਤਕਦੀਰ ਜੀ,
ਰੂਪਾਵਤੀ ਰਾਣੀ ਛੱਡਗੀ ਸਰੀਰ ਜੀ॥4॥

ਕਿਸਨੂੰ ਸੁਣਾਊਂ ਤੇਰੇ ਬਿਨ ਬਾਤਾਂ ਮੈਂ
ਔਖੀਆਂ ਲੰਘਾਊਂ ਪੋਹ ਮਾਘੀ ਰਾਤਾਂ ਮੈਂ
ਬੱਚਿਆਂ ਦਾ ਕਿਵੇਂ ਮੈਂ ਧਰਾਊਂ ਧੀਰ ਜੀ,
ਰੂਪਾਵਤੀ ਰਾਣੀ ਛੱਡਗੀ ਸਰੀਰ ਜੀ॥5॥

ਬਾਲਾਂ ਤਾਂਈ ਦੱਸੂ ਕਿਵੇਂ ਸਾਰੀ ਗੱਲ ਜੀ,
ਰੋਣਗੇ ਵਿਚਾਰੇ ਨਹੀਂ ਕੋਈ ਹੱਲ ਜੀ,
ਕਿਵੇਂ ਸਮਝਾਊ ਰੁਸੀ ਤਕਦੀਰ ਜੀ,
ਰੂਪਾਵਤੀ ਰਾਣੀ ਛੱਡਗੀ ਸਰੀਰ ਜੀ ॥6॥

ਦੁੱਖਾਂ ਦਾ ਬੱਦਲ ਪਲਾਂ ਵਿੱਚ ਛਾ ਗਿਆ,
ਰਾਣੀ ਦਾ ਵਿਯੋਗ ਰਾਜਾ ਗਸ਼ ਖਾ ਗਿਆ
ਮੁੱਕ ਗਿਆ ਰੋਂਦੇ ਅੱਖੀਆਂ ਦਾ ਨੀਰ ਜੀ,
ਰੂਪਾਵਤੀ ਰਾਣੀ ਛੱਡਗੀ ਸਰੀਰ ਜੀ॥7॥

ਉਡ ਗਿਆ ਭੌਰ ਦੇਹੀ ਨਹੀਂ ਹਿੱਲਦੀ,
ਸੂਰਤ ਪਿਆਰੀ ਨਾ ਬਜ਼ਾਰੀ ਮਿਲਦੀ,
ਹੋਵਣਾ ਭਸਮ ਭੰਮਿਆਂ ਅਖੀਰ ਜੀ,
ਰੂਪਾਵਤੀ ਰਾਣੀ ਛੱਡਗੀ ਸਰੀਰ ਜੀ ॥8॥

## ਕਬਿੱਤ

ਰੂਪ ਤੇ ਬਸੰਤ ਦੋਵੇਂ ਮਹਿਲਾਂ ਵਿੱਚ ਆਏ ਜਦ,
ਹੋ ਗਏ ਹੈਰਾਨ ਤੱਕ ਮਾਤਾ ਕਿਓਂ ਨੀ ਬੋਲਦੀ।
ਚਾਰੇ ਪਾਸੇ ਲੋਕ ਬੈਠੇ ਰੋਂਦੇ ਤੱਕ ਰਾਣੀ ਤਾਂਈ,
ਆਖਦਾ ਬਸੰਤ ਮਾਤਾ ਕਿਓਂ ਨੀ ਨੈਣ ਖੋਲ੍ਹਦੀ।
ਪੁਛਦੇ ਪਿਤਾ ਜੀ ਦੱਸੋ ਮਾਂ ਕਿਓਂ ਨਰਾਜ਼ ਹੋਈ,
ਚੁੱਪ ਚਾਪ ਪਈ ਲੋਕੀ ਲੰਘੀ ਜਾਂਦੇ ਕੋਲਦੀ।
ਕਿਹੜੀ ਹੈ ਮਰਜ਼ ਐਸੀ ਜਿਸਨੇ ਬੇਹੋਸ਼ ਕੀਤੀ,
ਵੈਦ ਤੇ ਹਕੀਮ ਸੱਦੋ ਦੇਣ ਦਵਾ ਮੋਲਦੀ॥

## ਦੋਹਿਰਾ

ਮਾਤਾ ਕੋਲੇ ਖੜੇ ਹੋ ਰੋਵਣ ਦੋਵੇਂ ਵੀਰ,
ਕੀ ਮਾਤਾ ਨੇ ਬੋਲਣਾ ਖਾਲੀ ਪਿਆ ਸਰੀਰ।।

## ਬੈਂਤ

ਰਾਣੀ ਪਾਸ ਆਕੇ ਦੋਵੇਂ ਵੀਰ ਰਾਜਾ,
ਧਾਹਾਂ ਮਾਰਦੇ ਆਖਦੇ ਬੋਲ ਮਾਤਾ।
ਛੇਤੀ ਉਠਕੇ ਛਾਤੀ ਦੇ ਨਾਲ ਲਾ ਲੈ,
ਪਹਿਲਾਂ ਵਾਂਗ ਹੀ ਕਰੋ ਕਲੋਲ ਮਾਤਾ।
ਕਿਹੜੀ ਗੱਲ ਤੋਂ ਰੁਸਗੀ ਦੱਸ ਸਾਨੂੰ,
ਮਾਫੀ ਮੰਗਦੇ ਖੜੇ ਹਾਂ ਕੋਲ ਮਾਤਾ।
ਮਾਤਾ ਰੁਸਦੀ ਰਸਦਾ ਜੱਗ ਸਾਰਾ,
ਮਿਲੇ ਗੋਦ ਨਾ ਕਿਸੇ ਵੀ ਮੋਲ ਮਾਤਾ।
ਇੱਕ ਵਾਰ ਜੁਬਾਨ ’ਚੋਂ ਪੁੱਤ ਕਹਿ ਦੇ,
ਤੱਕ ਮੁੱਖੜਾ ਅੱਖਾਂ ਨੂੰ ਖੋਲ ਮਾਤਾ।
ਮਾਤਾ ਬਾਝ ਨਾ ਦੁੱਖੜੇ ਸੁਣੇ ਕੋਈ,
ਪਿਛਲੇ ਵੇਖ ਲੈ ਪੰਨੇ ਫਰੋਲ ਮਾਤਾ।
ਤੇਰੇ ਬਾਝ ਨਾ ਕਰੂਗਾ ਲਾਡ ਕੋਈ,
ਕਈ ਜਾਣਗੇ ਦੁੱਧ ਵੀ ਡੋਲ੍ਹ ਮਾਤਾ।
ਜੇ ਤੂੰ ਇੰਝ ਹੀ ਛੱਡ ਤੁਰ ਜਾਵਣਾਂ ਸੀ,
ਜੰਮਣ ਸਾਰ ਦਿੰਦੀ ਵਿਖ ਘੋਲ ਮਾਤਾ।
ਪਤਾ ਦੱਸਦੇ ਕਿੱਥੇ ਤੂੰ ਵਾਸ ਕੀਤਾ,
ਜਿੰਦ ਵਾਰਕੇ ਵੀ ਲਈਏ ਟੋਲ ਮਾਤਾ।
ਪਾਵਣ ਜੱਫੀਆਂ ਹਰਕਤੋਂ ਬਾਝ ਦੇਹੀ,
ਪਿਛੇ ਛੱਡਗੀ ਭੰਮਿਆਂ ਚੋਲ ਮਾਤਾ।

## ਦੋਹਿਰਾ

ਸੁਣਕੇ ਐਨੀ ਵਾਰਤਾ ਮਾਤਾ ਆਈ ਯਾਦ,
ਸੀਨ ਅਗਾੜੀ ਆ ਗਿਆ ਬੜੇ ਚਿਰਾਂ ਦੇ ਬਾਅਦ।

## ਕੇਸਰੀ ਡੇਢਾ ਛੰਦ

ਮਾਲਣ ਦੇ ਮੁੱਖੋਂ ਸੁਣਕੇ ਕਹਾਣੀ ਜੀ-ਰਾਜਾ ਦੰਗ ਹੋ ਗਿਆ,
ਇਸਨੇ ਪਤਾ ਨੀ ਕਿਸ ਕੋਲੋ ਜਾਣੀ ਜੀ-ਪੀਲਾ ਰੰਗ ਹੋ ਗਿਆ,
ਯਾਦਾਂ ਵਾਲਾ ਵੱਜਿਆ ਕਲੇਜੇ ਤੀਰ ਜੀ-ਆ ਗੀ ਯਾਦ ਬੱਲਿਆ,
ਚੱਲਿਆ ਨਰੇਸ਼ ਦੇ ਨੈਣਾਂ 'ਚੋਂ ਨੀਰ ਜੀ-ਜਾਂਦਾ ਨਹੀਂ ਠੱਲਿਆ॥1॥

ਆ ਗਿਆ ਅਗਾੜੀ ਸਾਰਾ ਖਾਨਦਾਨ ਜੀ-ਜੋ ਸੀ ਮਸਾਂ ਭੁੱਲਿਆ,
ਹਰੇ ਹੋਗੇ ਜਖਮ ਤੇ ਟੁੱਟੇ ਜਾਨ ਜੀ-ਨੀਰ ਨੈਣੋਂ ਡੁੱਲਿਆ,
ਓਹੀ ਮੂਹਰੇ ਆਈ ਲੱਗੇ ਤਸਵੀਰ ਜੀ-ਜਾਂਦਾ ਨਹੀਂ ਹੱਲਿਆ
ਚੱਲਿਆ ਨਰੇਸ਼ ਦੇ ਨੈਣਾਂ 'ਚੋਂ ਨੀਰ ਜੀ-ਜਾਂਦਾ ਨਹੀਂ ਠੱਲਿਆ॥2॥

ਦੋਹਾਂ ਨੇ ਜੋ ਪਾਏ ਯਾਦ ਆਏ ਕੀਰਨੇ-ਮਾਤਾ ਕੋਲ ਖੜਕੇ,
ਮੈਂਨੂੰ ਗਲੇ ਲਾਇਆ ਸੀ ਬਸੰਤ ਵੀਰਨੇ-ਮੇਰਾ ਮੁੱਖ ਫੜਕੇ,
ਵਾਰੀ ਵਾਰੀ ਆਖੇ ਚੁੱਪ ਕਰੋ ਵੀਰ ਜੀ-ਜ਼ੋਰ ਨਹੀਂ ਚੱਲਿਆ,
ਚੱਲਿਆ ਨਰੇਸ਼ ਦੇ ਨੈਣਾਂ 'ਚੋਂ ਨੀਰ ਜੀ-ਜਾਂਦਾ ਨਹੀਂ ਠੱਲਿਆ॥3॥

ਮਹਿਲਾਂ ਵਿੱਚ ਖੇਡੇ ਸਾਥੀਆਂ ਦੇ ਸੰਗ ਜੀ - ਅਸੀਂ ਦੋਵੇਂ ਵੀਰਨੇ,
ਖੇਡਾਂ ਖੇਡਾਂ ਵਿੱਚ ਕਰਦੇ ਸੀ ਜੰਗ ਜੀ - ਡੰਡੇ ਸ਼ਮਸ਼ੀਰ ਨੇ,
ਬਹੁਕਰ ਦੇ ਤੀਲੇ ਬਣਦੇ ਸੀ ਤੀਰ ਜੀ - ਵਾਰ ਨਹੀਂ ਝੱਲਿਆ,
ਚੱਲਿਆ ਨਰੇਸ਼ ਦੇ ਨੈਣਾਂ 'ਚੋਂ ਨੀਰ ਜੀ - ਜਾਂਦਾ ਨਹੀਂ ਠੱਲਿਆ॥4॥

ਖੇਡ ਕੇ ਮਹਿਲ ਵੱਲ ਭੱਜੇ ਆਉਂਦੇ ਸੀ - ਇੱਕ ਦੂਜੇ ਮੂਹਰ ਦੀ,
ਘੁਟ ਘੁਟ ਜੱਫੀਆਂ ਮਾਤਾ ਨੂੰ ਪਾਉਂਦੇ ਸੀ - ਮਾਤਾ ਐਵੇਂ ਘੂਰਦੀ,
ਕਈ ਵਾਰੀ ਚੁੰਘਿਆ ਕੱਠਿਆਂ ਨੇ ਸੀਰ ਜੀ - ਭਰਾਂ ਕਿਵੇਂ ਸੱਲਿਆ,
ਚੱਲਿਆ ਨਰੇਸ਼ ਦੇ ਨੈਣਾਂ 'ਚੋਂ ਨੀਰ ਜੀ - ਜਾਂਦਾ ਨਹੀਂ ਠੱਲਿਆ॥5॥

ਮਾਤਾ ਪਿਛੇ ਲੜਦੇ ਸੀ ਮਾਤਾ ਮੇਰੀਐ - ਅਸੀਂ ਦੋਵੇਂ ਭਾਈ ਜੀ,
ਤੇਰੀ ਵੀ ਹਾਂ ਰੂਪ ਤੇ ਬਸੰਤ ਤੇਰੀਐ - ਨਾ ਫਰਕ ਕਾਈ ਜੀ,
ਦੋਵਾਂ ਦੇ ਵਿਚਾਲੇ ਪੈਂਦੀ ਸੀ ਅਖੀਰ ਜੀ - ਕਿਹੜਾ ਥਾਂ ਮੱਲਿਆ,
ਚੱਲਿਆ ਨਰੇਸ਼ ਦੇ ਨੈਣਾਂ 'ਚੋਂ ਨੀਰ ਜੀ - ਜਾਂਦਾ ਨਹੀਂ ਠੱਲਿਆ॥6॥

ਪਿਤਾ ਸ੍ਰੀ ਦੀਆਂ ਫੜਦੇ ਸੀ ਉਗਲਾਂ- ਜਾਂਦੇ ਬਾਗ ਵੱਲ ਜੀ,
ਮਿਰਗਾਂ ਦੇ ਵਾਂਗ ਮੁਛਦੇ ਕਰੂੰਬਲਾਂ- ਖਾਂਦੇ ਤਾਜੇ ਫੱਲ ਜੀ,
ਉਡੂੰ ਉਡੂੰ ਕਰੇ ਦੋਹਾਂ ਦਾ ਸਰੀਰ ਜੀ-ਪਿਆਰ ਨਾਲ ਪੱਲਿਆ,
ਚੱਲਿਆ ਨਰੇਸ਼ ਦੇ ਨੈਣਾਂ ’ਚੋਂ ਨੀਰ ਜੀ-ਜਾਂਦਾ ਨਹੀਂ ਠੱਲਿਆ॥7॥

ਮਾਲਣ ਨੂੰ ਕਹੇ ਤੇਰੀ ਗਾਥਾ ਪਿਆਰੀਐ-ਅੱਗੇ ਬੋਲ ਮਾਲਣੇ,
ਸੁਣਨੀ ਭੰਮੇ ਨੇ ਇਹੇ ਤੈਥੋਂ ਸਾਰੀਐ-ਮੰਗ ਮੋਲ ਮਾਲਣੇ,
ਸੱਗੀ ਫੁੱਲ ਲੈ ਲੈ ਚਾਹੇ ਲੈ ਜ਼ੰਜ਼ੀਰ ਜੀ-ਨਾ ਬਚਨ ਟੱਲਿਆ,
ਚੱਲਿਆ ਨਰੇਸ਼ ਦੇ ਨੈਣਾਂ ’ਚੋਂ ਨੀਰ ਜੀ-ਜਾਂਦਾ ਨਹੀਂ ਠੱਲਿਆ॥8॥

## ਕਬਿੱਤ

ਰਾਣੀ ਦੇ ਵਿਯੋਗ ਵਿੱਚ ਰਾਜੇ ਛੱਡੇ ਕਾਜ ਸਾਰੇ,
ਚੁੱਪ ਚੱਪ ਬੈਠਾ ਤੱਕੇ ਨਾ ਮੁਖਾਰ ਖੋਲਦਾ।
ਰੋਗੀਆਂ ਦੇ ਵਾਂਗ ਰਾਜਾ ਹੋਗਿਆ ਦਿਨਾਂ ਦੇ ਵਿੱਚ,
ਹਰਦਮ ਨੈਣਾਂ ਵਿੱਚੋਂ ਰਹੇ ਨੀਰ ਡੋਲਦਾ।
ਰੂਪਾਵਤੀ ਮਿਲ ਆਕੇ ਕਿਥੇ ਤੁਸੀਂ ਵਾਸ ਕੀਤਾ,
ਦੱਸਦੇ ਟਿਕਾਣਾ ਤੈਨੂੰ ਫਿਰਦਾ ਮੈਂ ਟੋਲਦਾ।
ਬੌਰਿਆਂ ਸਮਾਨ ਕਰੇ ਆਪੇ ਨਾਲ ਬਾਤਾਂ ਰਾਜਾ,
ਮੁੜਿਆ ਨਾ ਕੋਈ ਓਥੋਂ ਮਿੱਟੀ ਨੂੰ ਫਰੋਲਦਾ॥

## ਦੋਹਿਰਾ

ਕੱਠੇ ਹੋ ਵਜ਼ੀਰ ਸਭ ਆਏ ਰਾਜੇ ਕੋਲ,
ਧੀਰ ਧਰਾਉਂਦੇ ਓਸਦਾ ਮਿੱਠਾ ਮਿੱਠਾ ਬੋਲ॥

## ਵਰਣਕ ਤਰਜ਼

ਅਰਜ਼ਾਂ ਕਰਨ ਵਜ਼ੀਰ ਬਾਦਸ਼ਾਹ ਕੋਲੇ ਆਕੇ ਜੀ,
ਜੋ ਹੋਇਆ ਹੁਣ ਭੁੱਲੋ ਬੈਠੋ ਚਿੱਤ ਟਿਕਾਕੇ ਜੀ,
ਸਦਾ ਕਿਸੇ ਨਾ ਰਹਿਣਾ ਭਸਮ ਅਖੀਰੀ ਰਾਜਨਾ,
ਜਗਤ ਮੁਸਾਫਿਰ ਖਾਨਾ ਛੱਡ ਦਿਲਗੀਰੀ ਰਾਜਨਾ॥1॥

ਮਰਿਆਂ ਦੇ ਸੰਗ ਕੋਈ ਅੱਜ ਤੱਕ ਨਾ ਮਰਿਆ ਜੀ,
ਦਰਦ ਵਿਛੋੜੇ ਵਾਲਾ ਇਹ ਤਾਂ ਸਭ ਨੇ ਜ਼ਰਿਆ ਜੀ,
ਸਮੇਂ ਸਮੇਂ ਦਾ ਚੱਕਰ ਫੁੱਲ ਕਰੀਰੀ ਰਾਜਨਾ,
ਜਗਤ ਮੁਸਾਫਿਰ ਖਾਨਾ ਛੱਡ ਦਿਲਗੀਰੀ ਰਾਜਨਾ॥2॥

ਰੋਣ ਨਾਲ ਨੀ ਮੁੜਦਾ ਕਿੰਨਾਂ ਰੋਣਾ ਰੋ ਲਈਏ,
ਚਾਹੇ ਭੁੱਖੇ ਨੰਗੇ ਰਹਿ ਸ਼ਮਸ਼ਾਨੀ ਜਾ ਪਈਏ,
ਸਿਰ ਵਿੱਚ ਭਸਮ ਰਮਾਨਾ ਛੱਡ ਫਕੀਰੀ ਰਾਜਨਾ,
ਜਗਤ ਮੁਸਾਫਿਰ ਖਾਨਾ ਛੱਡ ਦਿਲਗੀਰੀ ਰਾਜਨਾ॥3॥

ਜਿਉਂਦੇ ਜੀ ਸਭ ਰਿਸ਼ਤੇ ਮਰਿਆ ਪਿਛੋਂ ਮੁੱਕ ਜਾਂਦੇ,
ਲੱਗਦੇ ਨਵੇਂ ਪਿਆਰੇ ਪਹਿਲੇ ਜਦ ਵੀ ਸੁੱਕ ਜਾਂਦੇ,
ਹੁਣ ਨਹੀਂ ਧਰਤ ਤੇ ਰਾਣੀ ਭੁੱਲ ਸਕੀਰੀ ਰਾਜਨਾ
ਜਗਤ ਮੁਸਾਫਿਰ ਖਾਨਾ ਛੱਡ ਦਿਲਗੀਰੀ ਰਾਜਨਾ॥4॥

ਭੁੱਲ ਪੁਰਾਣੀਆਂ ਨਰਦਾਂ ਖੇਡ ਤਾਂ ਨਵੀ ਰਚਾਲੈ ਤੂੰ,
ਅੱਗ ਚੁਲੇ ਦੀ ਠੰਡੀ ਅਗਨੀ ਹੋਰ ਮਚਾਲੈ ਤੂੰ,
ਦੋ ਬਾਝੋਂ ਨੀ ਘੁੰਮਦੀ ਜਿੰਦ ਭਮੀਰੀ ਰਾਜਨਾ,
ਜਗਤ ਮੁਸਾਫਿਰ ਖਾਨਾ ਛੱਡ ਦਿਲਗੀਰੀ ਰਾਜਨਾ॥5॥

ਆ ਕੇ ਪੀਰ ਪਗੰਬਰ ਸਾਰੇ ਪੁਠੇ ਮੁੜਗੇ ਨੇ,
ਜ਼ੋਰ ਕੋਈ ਨਾ ਚਲਿਆ ਰੋੜੀ ਵਾਂਗੂ ਰੁੜਗੇ ਨੇ,
ਪਲ ਵਿੱਚ ਭਸਮ ਬਣਾਤੀ ਹੇਮ ਜੰਗੀਰੀ ਰਾਜਨਾ,
ਜਗਤ ਮੁਸਾਫਿਰ ਖਾਨਾ ਛੱਡ ਦਿਲਗੀਰੀ ਰਾਜਨਾ॥6॥

ਕਿੰਨਾਂ ਚਿਰ ਤੂੰ ਵਿੱਚ ਸੋਗਦੇ  ਬੈਠ ਗੁਜਾਰੇਗਾ,
ਜੋਤ ਨੈਣਾਂ ਦੀ ਘੱਟਜੂ ਚੱਲਣੋ ਫਿਰਨੋਂ ਹਾਰੇਗਾ,
ਮਨ ਸਾਡੀ ਅਰਜੋਈ ਕੱਟ ਲਕੀਰੀ ਰਾਜਨਾ,
ਜਗਤ ਮੁਸਾਫਿਰ ਖਾਨਾ ਛੱਡ ਦਿਲਗੀਰੀ ਰਾਜਨਾ॥7॥

ਚੱਲਕੇ ਆਏ ਬਿੱਪਰਾਂ ਗੱਲ ਬਤਾਤੀ ਸਾਰੀ ਜੀ,
ਭੌਰ ਪਿੰਜਰੇ ਆਉਂਦਾ ਜਾਂਦਾ ਮਾਰ ਉਡਾਰੀ ਜੀ,
ਭੰਮਿਆਂ ਹੁੰਦੀ ਰਾਜੇ ਸੰਗ ਵਜ਼ੀਰੀ ਰਾਜਨਾ
ਜਗਤ ਮੁਸਾਫਿਰ ਖਾਨਾ ਛੱਡ ਦਿਲਗੀਰੀ ਰਾਜਨਾ ॥8॥

## ਕਬਿੱਤ

ਬਿੱਪਰਾਂ ਦੀ ਗੱਲ ਸੁਣ,ਰਾਜੇ ਨੂੰ ਯਕੀਨ ਹੋਇਆ,
ਇਸ ਵਿਧ ਬੈਠਕੇ ਨਾ ਦਿਨ ਕੱਟੇ ਜਾਣੇ ਨੇ।
ਮੇਰੇ ਬਿਨਾਂ ਬੱਚਿਆਂ ਨੂੰ ਕੌਣ ਧਰਵਾਸਾ ਦੇਊ,
ਉਮਰਾਂ ਦੇ ਛੋਟੇ ਅਜੇ ਦੋਵੇਂ ਹੀ ਨਿਆਣੇ ਨੇ।
ਛੱਡ ਦਿਲਗੀਰੀ ਮਨਾਂ ਹੌਸਲੇ ਬਲੰਦ ਕਰ,
ਬਿੱਪਰਾਂ ਦੀ ਗੱਲ ਮੰਨ ਤੇਰੇ ਤੋਂ ਸਿਆਣੇ ਨੇ।
ਪਿਛਲੀ ਨੂੰ ਭੁੱਲ ਹੁਣ ਛੱਡ ਅਫਸੋਸ ਭੰਮੇ,
ਖੁਸ਼ੀ ਵਿੱਚ ਰਹਿਕੇ ਦਿਨ ਅਗਲੇ ਲੰਘਾਣੇ ਨੇ॥

## ਦੋਹਿਰਾ

ਇੱਕ ਏਲਚੀ ਦੱਸਦਾ ਰਾਜੇ ਕੋਲੇ ਆਣ,
ਸੁਤਾ ਇੰਦਰਸੈਨ ਦੀ ਪਰੀਆਂ ਵਾਂਗੂ ਜਾਣ॥

## ਚਟਪਟਾ ਛੰਦ

ਸੁਤਾ ਇੰਦਰਸੈਂਨ ਦੀ ਪਰੀਆਂ ਦੀ ਰਾਣੀ,
ਝੂਠ ਰੱਤੀ ਨਾ ਰਾਜਨਾ ਗੱਲ ਸੱਚੀ ਜਾਣੀ,
ਆਯੂ ਸ਼ਾਦੀ ਯੋਗ ਹੈ ਪੂਰੀ ਠਾਰਾਂ ਸਾਲੀ,
ਬਿਨ ਔਰਤ ਦੇ ਰਾਜਨਾ, ਘਰ ਲੱਗਦੈ ਖਾਲੀ॥1॥

ਵਾਂਗ ਉਖਾਂ ਦੇ ਮੁੱਖੜਾ ਤਿੱਖਾ ਨੱਕ ਤਲਵਾਰੀ,
ਜ਼ੁਲਫਾਂ ਵਾਂਗ ਭੁਜੰਗ ਦੇ ਹੈ ਤੋਰ ਨਿਆਰੀ
ਭੌਰ ਭਲੇਖਾ ਖਾਂਮਦੇ ਫੁੱਲਾਂ ਦੀ ਡਾਲੀ,
ਬਿਨ ਔਰਤ ਦੇ ਰਾਜਨਾ ਘਰ ਲੱਗਦੈ ਖਾਲੀ ॥2॥

ਫੁੱਲ ਵੀ ਲੈਣ ਸੁਗੰਧੀਆਂ ਜਦ ਨੇੜੇ ਜਾਵੇ,
ਸੁੱਕੇ ਖਿੜ ਹੈ ਜਾਂਵਦੇ ਜਿਸ ਨੂੰ ਹੱਥ ਲਾਵੇ,
ਦੰਗ ਹੋਂਵਦੇ ਤੱਕਕੇ ਬਾਗਾਂ ਦੇ ਮਾਲੀ,
ਬਿਨ ਔਰਤ ਦੇ ਰਾਜਨਾ ਘਰ ਲੱਗਦੈ ਖਾਲੀ ॥3॥

ਨਾ ਲੰਮਾ ਨਾ ਮੱਧਰਾ ਕੱਦ ਪੂਰ ਜਵਾਨੀ,
ਮੱਥਾ ਵਾਂਗੂ ਚੰਦਰਮਾਂ ਡੌਲ੍ਹੇ ਭਲਵਾਨੀ,
ਮਿਰਗਾਂ ਵਾਲੀ ਤੋਰ ਹੈ ਪੂਰੀ ਨੱਖਰੇ ਵਾਲੀ,
ਬਿਨ ਔਰਤ ਦੇ ਰਾਜ਼ਨਾ ਘਰ ਲੱਗਦੈ ਖਾਲੀ ॥4॥

ਦੋ ਜੀਵਾਂ ਦੀ ਖੇਡ ਹੈ ਇਹ ਖੇਡ ਨਿਆਰੀ,
ਜੋ ਖਿਡਾਰੀ ਏਸਦੇ ਉਹ ਨਰ ਤੇ ਨਾਰੀ,
ਕਿਸੇ ਕੋਲੋ ਨਾ ਵੱਜ਼ਦੀ ਕੱਲੇ ਹੱਥ ਤਾਲੀ,
ਬਿਨ ਔਰਤ ਦੇ ਰਾਜਨਾ ਘਰ ਲੱਗਦੈ ਖਾਲੀ ॥5॥

ਬੁੱਢਾ ਮਰਦ ਨਾ ਹੋਂਵਦਾ ਸਦਾ ਵਿੱਚ ਜਵਾਨੀ,
ਚਾਰ ਦਹਾਕੇ ਪੰਜਦੀ ਹੈ ਬਿਰਧ ਜਨਾਨੀ
ਥੋਡੇ ਮੁੱਖ ਤੇ ਕੌਰ ਜੀ ਹੱਦੋਂ ਵੱਧਕੇ ਲਾਲੀ,
ਬਿਨ ਔਰਤ ਦੇ ਰਾਜਨਾ ਘਰ ਲੱਗਦੈ ਖਾਲੀ ॥6॥

ਚੰਦਰਾਵਤੀ ਹੈ ਓਸਦਾ ਜੀ ਨਾਂ ਪਿਆਰਾ,
ਔਖੇ ਦਿਨ ਹੈ ਕੱਟਦਾ ਇੰਦਰਸੈਨ ਵਿਚਾਰਾ
ਨਾ ਓਹ ਕੋਈ ਰਾਠ ਹੈ ਨਾ ਪੂਰ ਕੰਗਾਲੀ,
ਬਿਨ ਔਰਤ ਦੇ ਰਾਜ਼ਨਾ ਘਰ ਲੱਗਦੈ ਖਾਲੀ ॥7॥

ਕੁੜੀ ਵਿਆਹਕੇ ਓਸਦੀ ਮਹਿਲੀ ਲੈ ਆਵੋ,
ਭੁੱਲ ਪੁਰਾਣੀ ਗੱਲ ਨੂੰ ਤੇ ਖੁਸ਼ੀ ਮਨਾਵੋ,
ਦੂਜੀ ਵਾਰ ਫੇਰ ਭੰਮਿਆਂ ਆ ਜੂ ਖੁਸ਼ਹਾਲੀ,
ਬਿਨ ਔਰਤ ਦੇ ਰਾਜਨਾ ਘਰ ਲੱਗਦੈ ਖਾਲੀ ॥8॥

## ਕਬਿੱਤ

ਏਲਚੀ ਦੀ ਗੁੱਲ ਸੁਣ ਰਾਜੇ ਨੇ ਵਿਚਾਰ ਕੀਤੀ,
ਰਹਿੰਦੀ ਜਿੰਦਗਾਨੀ ਹੁਣ ਪਿਆਰ ਨਾਲ ਕੱਟੀਏ।
ਸ਼ਾਦੀ ਕਰਵਾਈਏ ਓਸ ਸੁੰਦਰ ਅਪਾਰ ਨਾਲ,
ਹੁਣ ਤੱਕ ਪਾੜਾ ਪਿਆ ਛੇਤੀ ਛੇਤੀ ਅੱਟੀਏ।
ਕੰਨਿਆਂ ਗਰੀਬ ਦੀ ਨੂੰ ਰਾਣੀ ਦਾ ਖਿਤਾਬ ਦੇਕੇ,
ਮਹਿਲਾਂ ਵਿੱਚ ਲਿਆਕੇ ਪੂਰਾ ਜਸ ਆਪਾਂ ਖੱਟੀਏ।
ਭੁੱਲਿਆ ਉਮਰ ਰਾਜਾ ਕਾਮ ਨੇ ਸਤਾਇਆ ਪੂਰਾ
ਬਚਣਾ ਜੇ ਭੰਮਿਆਂ ਤਾਂ ਰਾਮ ਰਾਮ ਰੱਟੀਏ॥

## ਬੈਂਤ

ਰਾਜਾ ਆਖਦਾ ਸੱਦਕੇ ਏਲਚੀ ਨੂੰ,
ਗੱਲ ਸੁਣੀ ਤੂੰ ਨਾਲ ਧਿਆਨ ਭਾਈ।
ਇੰਦਰਸੈਨ ਨੂੰ ਜਾਕਰ ਦੱਸ ਦੇਣਾ,
ਕੀਤਾ ਅਸਾਂ ਨੇ ਜਿਹੜਾ ਬਿਆਨ ਭਾਈ।
ਸੁਤਾ ਓਸਦੀ ਚੰਦਰਾਵਤੀ ਜਿਹੜੀ,
ਸ਼ਾਦੀ ਯੋਗ ਹੈ ਪੂਰ ਜਵਾਨ ਭਾਈ।
ਮਹਿਲਾਂ ਵਿੱਚ ਅਸਾਂ ਲੈ ਆਵਣੀਐ,
ਰਣਵਾਸ ਦੀ ਬਣੂਗੀ ਸ਼ਾਨ ਭਾਈ।
ਮੌਜਾਂ ਮਾਣੂਗੀ ਮਹਿਲਾਂ ਦੇ ਵਿੱਚ ਆਕੇ,
ਹੋਣੀ ਰੱਤੀ ਵੀ ਤੰਗ ਨਾ ਜਾਨ ਭਾਈ।
ਆਯੂ ਵੱਡੀ ਜਾਂ ਛੋਟੀ ਨਾ ਫਰਕ ਕੋਈ,
ਦੱਸਦੇ ਗੱਲ ਨੇ ਉਚ ਵਿਦਵਾਨ ਭਾਈ।

ਕਰਨਾ ਕਾਜ਼ ਨਾ ਹੱਥਾਂ ਦੇ ਨਾਲ ਕੋਈ,
ਬਾਂਦੀਆਂ ਤਾਂਈ ਹੀ ਕਰੂ ਫਰਮਾਨ ਭਾਈ।
ਇੰਦਰਸੈਨ ਵੀ ਰਹੂ ਨਾ ਘੱਟ ਸਾਥੋ,
ਮੌਜਾਂ ਮਾਣੂਗਾ ਵਿੱਚ ਜਹਾਨ ਭਾਈ।
ਕਰੋ ਤਿਆਰੀ ਤੇ ਦੇਰੀ ਨਾ ਕਰੋ ਕੋਈ,
ਲੈ ਆਈਏ ਮਹਿਲੀ ਰਕਾਨ ਭਾਈ।
ਸੁੰਨੇ ਮਹਿਲ ਮੇਂ ਰੌਣਕਾਂ ਫੇਰ ਆਵਨ,
ਭੰਮੇ ਵਰਗੇ ਵੀ ਛੰਦਾਂ ਨੂੰ ਗਾਨ ਭਾਈ।

## ਦੋਹਿਰਾ

ਲੈ ਸੰਦੇਸ਼ਾ ਏਲਚੀ ਗਿਆ ਇੰਦਰ ਦੇ ਕੋਲ,
ਜੋ ਰਾਜੇ ਨੇ ਆਖਿਆ ਰਿਹਾ ਮੁੱਖ ਤੋਂ ਬੋਲ।

## ਬੈਂਤ

ਕਹੇ ਏਲਚੀ ਇੰਦਰ ਦੇ ਕੋਲ ਬਹਿਕੇ,
ਗੱਲ ਸੁਣੀ ਤੂੰ ਖੁਸ਼ੀ ਦੇ ਨਾਲ ਵੀਰਾ।
ਸੰਗਲਦੀਪ ਸਾਰੇ ਮਸ਼ਹੂਰ ਹੈ ਜੀ,
ਖੜਗਸੈਨ ਹੈ ਓਥੇ ਨਰਪਾਲ ਵੀਰਾ।
ਮੈਂਨੂੰ ਭੇਜਿਆ ਰਾਜੇ ਨੇ ਪਾਸ ਤੇਰੇ,
ਦੱਸਣ ਵਾਸਤੇ ਸਗਲਾ ਹਾਲ ਵੀਰਾ।
ਰਾਣੀ ਰਾਜੇ ਦੀ ਛੱਡ ਸਰੀਰ ਤੁਰਗੀ,
ਲੈਗਿਆ ਓਸਨੂੰ ਆਣਕੇ ਕਾਲ ਵੀਰਾ।
ਚੁੱਪ ਵਰਤਗੀ ਵਿੱਚ ਰਣਵਾਸ ਸਾਰੇ,
ਰੋਂਦੇ ਰਾਜੇ ਦੇ ਛੋਟੜੇ ਬਾਲ ਵੀਰਾ।
ਸੁਤਾ ਆਪਦੀ ਚੰਦਰਾਵਤੀ ਜਿਹੜੀ,
ਸ਼ਾਦੀ ਯੋਗ ਹੈ ਠਾਰਵੇਂ ਸਾਲ ਵੀਰਾ।
ਰਾਜਾ ਲੋਚਦਾ ਮਹਿਲਾਂ ਦੇ ਵਿੱਚ ਉਸਨੂੰ,
ਮੰਨੀ ਗੱਲ ਨਾ ਦੇਵੀਂ ਤੂੰ ਟਾਲ ਵੀਰਾ।

ਮਾਲਕ ਬਣੂਗੀ ਮਹਿਲ ਖਜ਼ਾਨਿਆਂ ਦੀ,
ਘਾਟ ਕੋਈ ਨਾ ਵਾਧੂ ਨੇ ਲਾਲ ਵੀਰਾ।
ਸ਼ਾਦੀ ਕਰਕੇ ਰਾਜੇ ਦੇ ਨਾਲ ਛੇਤੀ,
ਕਰ ਪਿੰਜਰੇ ਬੰਦ ਮਰਾਲ ਵੀਰਾ।
ਉਚਿਆਂ ਨਾਲ ਜਦ ਭੰਮਿਆਂ ਜੁੜਨ ਰਿਸ਼ਤੇ,
ਬਦਲ ਜਾਂਦੀਐ ਬੰਦੇ ਦੀ ਚਾਲ ਵੀਰਾ।

## ਕਬਿੱਤ

ਏਲਚੀ ਦੀ ਗੱਲ ਸੁਣ ਖੁਸ਼ੀ 'ਚ ਇੰਦਰਸੈਨ,
ਹੋਗਿਆ ਹੈਰਾਨ ਰਾਜਾ ਨਾ ਜਬਾਨ ਹੱਲਦੀ।
ਛੱਪੜ ਨੂੰ ਪਾੜ ਦਿੰਦਾ ਆਖਦੇ ਸਿਆਣੇ ਲੋਕ,
ਨੀਚੋਂ ਊਚ ਕਰੇ ਬੱਸ ਖੇਡ ਇੱਕ ਪੱਲ ਦੀ।
ਕੁੜੀ ਪਟਰਾਣੀ ਬਣੂ ਕਿਸੇ ਨੇ ਨਾ ਸੋਚਿਆ ਸੀ,
ਹੋਵੇ ਸਿੱਧੀ ਨਿਗ੍ਹਾ ਜਦੋਂ ਸੁੱਕੀ ਵੱਲ ਫੱਲਦੀ।
ਕਰਦਾ ਅਰਜ਼ ਯਾਰੋ ਏਲਚੀ ਨੂੰ ਹੱਥ ਜੋੜ
ਜਦੋਂ ਰਾਜਾ ਚਾਹੇ ਭੰਮੇ ਲੈ ਬਰਾਤ ਘੱਲਦੀ॥

## ਦੋਹਿਰਾ

ਇੰਦਰਸੈਨ ਦੀ ਸੁਤਾ ਨੂੰ ਰਾਜਾ ਆਇਆ ਲੈਣ,
ਉਮਰ ਵਡੇਰੀ ਸਾਊ ਦੀ ਇਹ ਗੱਲ ਸਾਰੇ ਕਹਿਣ।
ਇੰਦਰਸੈਨ ਆਖਦਾ ਕੀ ਉਮਰਾਂ ਦੀ ਗੱਲ,
ਧੁਰੋਂ ਲਿਖ ਕਰ ਆਂਵਦੇ ਕੋਈ ਸਕੇ ਨਾ ਠੱਲ॥

## ਦੋ ਭਾਗਾ ਚਟਪਟਾ ਛੰਦ

ਕੁੜੀ– ਸੁਤਾ ਜੋ ਇੰਦਰਸੈਨ ਦੀ ਰੋਵੇ ਕੁਰਲਾਵੇ,
ਮਾਤਾ ਤਾਂਈ ਖਿੱਚਕੇ ਤੇ ਜੱਫੀਆਂ ਪਾਵੇ,
ਮੇਰਾ ਦੋਸ਼ ਕੀ ਅੰਮੀਏ ਦੱਸ ਅਸਲ ਕਹਾਣੀ,
ਲਾੜਾ ਬਾਪੂ ਹਾਣ ਦਾ, ਨਾ ਮੇਰਾ ਹਾਣੀ ॥1॥

ਮਾਂ– ਮਾਤਾ ਆਖੇ ਬੱਚੀਏ ਗੱਲ ਸੁਣਲੈ ਮੇਰੀ,
ਸੁੱਖ ਚਾਹੀਦਾ ਜਿੰਦ ਨੂੰ ਕੀ ਉਮਰ ਵਡੇਰੀ,
ਲੋਕ ਸਲਾਮਾਂ ਕਰਨਗੇ ਤੂੰ ਨਿਰਪ ਜਨਾਨੀ,
ਮਰਦ ਬੁੱਢੇ ਨਾ ਹੋਂਵਦੇ ਸਦਾ ਵਿੱਚ ਜਵਾਨੀ॥2॥

ਕੁੜੀ – ਹਰ ਔਰਤ ਦੀ ਇੱਛਿਆ ਹੋਵੇ ਕੰਤ ਪਿਆਰਾ,
ਵਾਂਗ ਰਵੀ ਦੇ ਓਸਦਾ ਵੱਜੇ ਚਮਕਾਰਾ,
ਨਾ ਮਾਇਆ ਕਿਸੇ ਕੰਮ ਦੀ ਤੂੰ ਸੱਚੀ ਜਾਣੀ,
ਲਾੜਾ ਬਾਪੂ ਹਾਣ ਦਾ ਨਾ ਮੇਰਾ ਹਾਣੀ॥3॥

ਮਾਂ– ਸੋਹਣੇ ਬਹੁਤੇ ਲੱਗਦੇ ਟਿੱਬਿਆਂ ਦੇ ਤੁੰਮੇ,
ਕੋਈ ਨਾ ਵਾਂਗੂ ਸ਼ਹਿਦ ਦੇ ਉਹਨਾਂ ਨੂੰ ਚੁੰਮੇ,
ਮਿੱਠੇ ਦਾ ਮੁੱਲ ਵੱਧ ਹੈ ਕੌੜਾ ਇੱਕ ਦੁਆਨੀ,
ਮਰਦ ਬੁੱਢੇ ਨਾ ਹੋਂਵਦੇ ਸਦਾ ਵਿੱਚ ਜਵਾਨੀ॥4॥

ਕੁੜੀ– ਚੱਲੂੰ ਕਿਸ ਵਿਧ ਏਸ ਦੇ ਮੈਂ ਨਾਲ ਇਕੱਲੀ,
ਲੋਕੀ ਕਰਨਗੇ ਟਿੱਚਰ ਉਠ ਦੇ ਗਲ ਟੱਲੀ,
ਬਾਤਾਂ ਸੁਣ ਕਰ ਐਸੀਆਂ ਆਊ ਅੱਖੋਂ ਪਾਣੀ,
ਲਾੜਾ ਬਾਪੂ ਹਾਣ ਦਾ ਨਾ ਮੇਰਾ ਹਾਣੀ॥5॥

ਮਾਂ – ਹਾਥੀ ਚੱਲਦਾ ਬੱਚੀਏ ਕੁੱਤੇ ਭੌਂਕਣ ਸਾਰੇ,
ਨਾ ਕੋਈ ਦੰਦੀ ਵੱਢਦਾ ਭੱਜ ਜਾਣ ਵਿਚਾਰੇ,
ਚਲਦੇ ਆਪਣੀ ਚਾਲ ਜੋ ਨਾ ਹੋਵੇ ਹਾਨੀ,
ਮਰਦ ਬੁੱਢੇ ਨਾ ਹੋਂਵਦੇ ਸਦਾ ਵਿੱਚ ਜਵਾਨੀ॥6॥

ਕੁੜੀ – ਲੋਕਾਂ ਦੀ ਗੱਲ ਛੱਡਦੂ ਮਨ ਮਾਰੂ ਧੱਕੇ,
ਚੰਦਰਾਵਤੀ ਕੀ ਖੋਟ ਸੀ ਮਿਲੇ ਧੂੜੀ ਫੱਕੇ,
ਜੋਬਨਪੂਰਾ ਸਿਖਰ ਤੇ ਨਾ ਅੰਨੀ ਕਾਣੀ
ਲਾੜਾ ਬਾਪੂ ਹਾਣ ਦਾ ਨਾ ਮੇਰਾ ਹਾਣੀ॥7॥

ਮਾਂ – ਸੋਚ ਸਮਝਕੇ ਬੱਚੀਏ ਇਹ ਕਾਜ਼ ਰਚਾਇਆ,
ਤੇਰੇ ਸੁੱਖਾਂ ਵਾਸਤੇ ਚੰਗਾ ਦਿਨ ਆਇਆ,
ਲਾਭ ਵਥੇਰਾ ਭੰਮਿਆਂ ਨਾ ਕੋਈ ਹਾਨੀ,
ਮਰਦ ਬੁੱਢੇ ਨਾ ਹੋਂਵਦੇ ਸਦਾ ਵਿੱਚ ਜਵਾਨੀ॥8॥

## ਕਬਿੱਤ

ਚੱਲਿਆ ਨਾ ਜ਼ੋਰ ਕੋਈ ਚੰਦਰਾਵਤੀ ਦਾ ਭਾਈ,
ਰੋਂਦੀ ਕੁਰਲਾਉਂਦੀ ਵਾਲੀ ਦਿੱਤੀ ਡੋਲੀ ਤੋਰ ਜੀ।
ਤੋਰ ਦੇਣ ਮਾਪੇ ਜਿੱਥੇ ਉਥੇ ਤੁਰ ਜਾਂਦੀਆਂ ਨੇ,
ਕੁੜੀਆਂ ਵਿਚਾਰੀਆਂ ਦਾ ਚਲਦਾ ਨਾ ਜ਼ੋਰ ਜੀ।
ਕਦੇ ਅਸਮਾਨ ਵਿੱਚ ਕਦੇ ਹੋਣ ਧਰਤੀ ਤੇ,
ਹੁੰਦੀਆਂ ਪਤੰਗ ਵਾਂਗੂ ਕਿਸੇ ਹੱਥ ਡੋਰ ਜੀ।
ਭੰਮਿਆਂ ਭਰਾਵਾ ਇਹੇ ਸਬਰਾਂ ਦਾ ਮੱਟ ਹੋਣ,
ਐਦੂੰ ਵੱਧ ਵੇਖਿਆ ਨਾ ਕਿਸੇ ਕੋਲੇ ਹੋਰ ਜੀ।

## ਦੋਹਿਰਾ

ਚੰਦਰਾਵਤੀ ਪਹੁੰਚਗੀ ਯਾਰੋ ਵਿੱਚ ਰਣਵਾਸ,
ਚਿੱਤ ਉਛਾਲੇ ਮਾਰਦਾ ਨਾ ਆਵੇ ਧਰਵਾਸ

## ਕਬਿੱਤ

ਸੁੰਦਰ ਅਪਾਰ ਨਾਰੀ ਵੇਖ ਰਣਵਾਸ ਰਾਜਾ
ਭੁੱਲ ਗਿਆ ਦੁੱਖ ਪਹਿਲੇ ਲੱਗੇ ਜੋ ਤਮਾਮ ਜੀ।
ਉਮਰਾਂ ‘ਚ ਦੱਸ ਰਾਣੀ ਹੁੰਦਾ ਨਾ ਫਰਕ ਕੋਈ,
ਛੋਟੇ ਵੱਡੇ ਹੋਣ ਸਭ ਏਹੇ ਗੱਲ ਆਮ ਜੀ।
ਮਿੱਠਾ ਮਿੱਠਾ ਬੋਲ ਕਰ ਕਰਦਾ ਪ੍ਰੇਮ ਰਾਜਾ,
ਬਹਿ ਗਿਆ ਪਲੰਘ ਉਤੇ ਚੜ੍ਹਿਆ ਹੈ ਕਾਮ ਜੀ।
ਰੂਪਾਵਤੀ ਭੁੱਲ ਰਾਜਾ ਆ ਗਿਆ ਖੁਸ਼ੀ ਦੇ ਵਿੱਚ,
ਚੰਦਰਾਵਤੀ ਨੂੰ ਕਹੇ ਤੂੰ ਹੀ ਮੇਰੀ ਬਾਮ ਜੀ॥

## ਕਬਿੱਤ

ਰੂਪ ਤੇ ਬਸੰਤ ਦੋਵੇਂ ਸੌਂਦੇ ਜਦੋਂ ਰਾਤ ਵੇਲੇ,
ਮਾਤਾ ਤਾਂਈ ਯਾਦ ਕਰ ਰੋਂਦੇ ਦੋਵੇਂ ਵੀਰ ਜੀ।
ਆਖਦਾ ਬਸੰਤ ਰੂਪ ਰੋ ਨਾ ਮੇਰੇ ਛੋਟੇ ਭਾਈ,
ਸਕਦਾ ਨਾ ਮੇਟ ਕੋਈ ਪਾਈ ਜੋ ਲਕੀਰ ਜੀ।
ਚੰਗੇ ਜੇ ਕਰਮ ਹੁੰਦੇ ਛੱਡਕੇ ਨਾ ਜਾਂਦੀ ਮਾਤਾ,
ਇੱਕ ਦੂਜੇ ਨਾਲ ਬੋਲ ਧਰਦੇ ਨੇ ਧੀਰ ਜੀ।
ਰੋਂਵਦਾ ਬਸੰਤ ਆਪ ਕਹੇ ਰੂਪ ਚੁੱਪ ਕਰ,
ਚਾਦਰ ਦੇ ਪੱਲੇ ਨਾਲ ਪੂੰਝੇ ਭੰਮੇ ਨੀਰ ਜੀ॥

## ਕਾਫੀ ਛੰਦ

ਦੋਵੇਂ ਭਾਈ ਬੜੇ ਪਿਆਰੇ ਨੇ,
ਮੱਸਿਆ ਦੀ ਰਾਤੀ ਤਾਰੇ ਨੇ
ਵੇਖਣ ਵਾਲੇ ਕਹਿੰਦੇ ਸਾਰੇ ਨੇ,
ਕੁਦਰਤ ਕੀ ਕਹਿਰ ਗੁਜ਼ਾਰ ਗਈ,
ਮਾਤਾ ਜੀ ਸੁਰਗ ਸੁਧਾਰ ਗਈ।

ਤੱਕ ਰੋਂਦੇ ਪੰਛੀ ਸਾਰੇ ਨੇ,
ਬਿਨ ਮਾਤਾ ਦੁੱਖੀ ਵਿਚਾਰੇ ਨੇ,
ਕਈਆਂ ਨੇ ਦਰਦ ਸਹਾਰੇ ਨੇ,
ਕਹੇ ਬਸੰਤ ਰੂਪ ਤੂੰ ਰੋਂਈ ਨਾ,
ਮਾਤਾ ਬਿਨ ਦਰਦੀ ਕੋਈ ਨਾ॥1॥

ਮਾਂ ਪੂਰੇ ਲਾਡ ਲਡਾਉਂਦੀ ਸੀ,
ਦੇ ਲੋਰੀ ਚੁੱਪ ਕਰਾਉਦੀ ਸੀ,
ਆਪ ਗਿੱਲੇ ਸੁਕੇ ਪਾਉਂਦੀ ਸੀ,
ਹੁਣ ਕੋਈ ਨਾ ਪੁੱਛੇ ਰਾਤਾਂ ਨੂੰ,
ਕਿਸ ਦੇ ਸੰਗ ਕਰੀਏ ਬਾਤਾਂ ਨੂੰ।

ਜਦ ਸੀ ਠਾਰੀ ਪੋਹ ਮਹੀਨੇ ਜੀ,
ਮਾਤਾ ਝੱਟ ਲਾਂਵਦੀ ਸੀਨੇ ਜੀ,
ਕਹਿੰਦੀ ਮੇਰੇ ਪੁੱਤ ਨਗੀਨੇ ਜੀ,
ਹੁਣ ਗੱਲ ਕਹਿੰਦਾ ਕੋਈ ਨਾ,
ਮਾਤਾ ਬਿਨ ਦਰਦੀ ਕੋਈ ਨਾ॥2॥

ਤੂੰ ਰੋਂਦਾ ਰੂਪ ਵਥੇਰਾ ਸੀ,
ਮਾਤਾ ਕਹਿੰਦੀ ਪੁੱਤ ਬਘੇਰਾ ਸੀ,
ਦਿੰਦੀ ਗੋਦੀ ਚੱਕ ਹਲੇਰਾ ਸੀ,
ਕਦੇ ਨਾ ਅੱਕੀ ਥੱਕੀ ਸੀ,
ਓਦੋਂ ਆਪਾ ਪੂਰੇ ਲੱਕੀ ਸੀ।

ਖਾਣਾ ਚਾਰੇ ਬਹਿਕੇ ਖਾਂਦੇ ਸੀ,
ਬਾਪੂ ਮੂੰਹ ਬੁਰਕੀਆਂ ਪਾਂਦੇ ਸੀ,
ਕੋਲੋ ਉਠਕੇ ਜਮਾਂ ਨਾ ਜਾਂਦੇ ਸੀ,
ਦਿੱਸਦੀ ਓਹ ਰਸੋਈ ਨਾ,
ਮਾਤਾ ਬਿਨ ਦਰਦੀ ਕੋਈ ਨਾ॥3॥

ਮਾਤਾ ਕੋਲੇ ਬਹਿਕੇ ਨਹਾਉਂਦੇ ਸੀ,
ਬਹੁਰੰਗ ਬਸਤਰ ਪਾਉਂਦੇ ਸੀ,
ਮੁੱਖੋਂ ਰਾਮ-ਰਾਮ ਵੀ ਗਾਉਂਦੇ ਸੀ,
ਤੱਕ ਖੁਸ਼ ਹੁੰਦੀ ਸੀ ਮਾਤਾ,
ਐਦੂੰ ਮਿੱਠਾ ਹੋਰ ਨਹੀਂ ਨਾਤਾ।

ਕੱਜਲ ਅੱਖਾਂ ਦੇ ਵਿੱਚ ਪਾਉਂਦੀ ਸੀ,
ਟਿੱਕਾ ਕੰਨ ਦੇ ਪਿਛੇ ਲਾਉਂਦੀ ਸੀ
ਸਿਰ ਤੇ ਟੋਪੀ ਆਪ ਟਕਾਉਂਦੀ ਸੀ,
ਹੁਣ ਐਸੀ ਹਾਲਤ ਹੋਈ ਨਾ,
ਮਾਤਾ ਬਿਨ ਦਰਦੀ ਕੋਈ ਨਾ॥4॥

ਨੈਣੋਂ ਨੀਰ ਦੋਹਾਂ ਦੇ ਜਾਵੇ ਜੀ,
ਇੱਕ ਨੂੰ ਦੂਜਾ ਚੁੱਪ ਕਰਾਵੇ ਜੀ,
ਘੁੱਟ ਨਾਲ ਗਲੇ ਦੇ ਲਾਵੇ ਜੀ,
ਹਾਉਂਕੇ ਭਰਦੇ ਨੇ ਭਾਈ,
ਦੁੱਖੜੇ ਜ਼ਰਦੇ ਨੇ ਭਾਈ।

ਇੱਕ ਵਾਰ ਮਾਤਾ ਜੀ ਆਜਾ ਤੂੰ,
ਸੀਨੇ ਲਾਕੇ ਦੁੱਖ ਘਟਾ ਜਾ ਤੂੰ
ਸਾਨੂੰ ਆਪਣਾ ਪਤਾ ਬਤਾਜਾ ਤੂੰ,
ਭੰਮਿਆਂ ਪਤਾ ਲਕੋਈਂ ਨਾ,
ਮਾਤਾ ਬਿਨ ਦਰਦੀ ਕੋਈ ਨਾ॥5॥

## ਦੋਹਿਰਾ

ਮਾਲਣ ਆਖੇ ਰਾਜਿਆ ਹੁਣ ਕਰੋ ਬਿਸ਼ਰਾਮ।
ਗਾਥਾ ਛੇੜੂੰ ਕੱਲ ਨੂੰ ਬਾਕੀ ਰਹੇ ਤਮਾਮ॥1॥

## ਦੋਹਿਰਾ

ਰਾਜਾ ਆਖੇ ਮਾਲਣੇ ਤੇਰੀ ਮੰਨੀ ਬਾਤ।
ਛੇਤੀ ਉਠ ਕਰ ਆਵਣਾ ਜਦ ਹੋਵੇ ਪ੍ਰਭਾਤ॥2॥

## ਬੈਂਤ

ਨਿਰਪ ਆਖਦਾ ਮਾਲਣੇ ਅਰਜ਼ ਤੈਨੂੰ,
ਛੇਤੀ ਆਵਣਾ ਕਰੀਂ ਨਾ ਮੂਲ ਦੇਰੀ।
ਗਾਥਾ ਆਪਦੀ ਪਾਂਵਦੀ ਠੰਡ ਸੀਨੇ,
ਸੁਣੀ ਜਾਂਦੀ ਨਾ ਹੋਂਵਦੀ ਜਿੰਦ ਢੇਰੀ।
ਸੁਣਕੇ ਏਸਨੂੰ ਆਂਵਦੇ ਸੀਨ ਮੂਹਰੇ,
ਦੱਸਾਂ ਤੈਨੂੰ ਕੀ ਏਹ ਤਾਂ ਜਮਾਂ ਮੇਰੀ।
ਕੀਤੋ ਸੁਣੀ ਹੈ ਸਾਡੀ ਇਹ ਹੱਡ ਬੀਤੀ,
ਜਾਂ ਤੂੰ ਦੇਸ਼ ਮੇ ਲਾਈ ਕਦੇ ਫੇਰੀ।
ਆ ਗਏ ਦੁੱਖੜੇ ਸਾਹਮਣੇ ਉਹ ਸਾਰੇ,
ਪੈਂਦੇ ਸੱਲ ਕਲੇਜੜੇ ਜਿੰਦ ਘੇਰੀ।

ਗਾਥਾ ਪੁੱਜ ਜੇ ਆਪਦੀ ਕੋਲ ਉਸਦੇ,
ਪਤਾ ਲੱਗ ਜੇ ਓਸਦਾ ਇੱਕ ਵੇਰੀ।
ਕਥਾ ਕਹਾਣੀਆਂ ਕੱਢਣ ਹੱਲ ਕੋਈ,
ਦੂਰੋਂ ਖਿੱਚਦੀਆਂ ਸਦਾ ਹੀ ਚੀਜ਼ ਗੇਰੀ।
ਸਿਆਣੇ ਆਖਦੇ ਬੋਲਣ ਤੋਂ ਸੁਣਨ ਚੰਗਾ,
ਮਿਲਦੀ ਬੋਲ 'ਚੋਂ ਸਦਾ ਹੀ ਮੱਤ ਸੇਰੀ।
ਵੇਖੀ ਆਪ ਜਾਂ ਸੁਣੀ ਤੂੰ ਕਿਸੇ ਕੋਲੋਂ,
ਮੇਰੀ ਜਿੰਦ ਹੈ ਤੁਸਾਂ ਦੀ ਚਰਨ ਚੇਰੀ ।
ਦਰਸ਼ਨ ਭੰਮਿਆਂ ਗਾਥਾ ਨੂੰ ਪੂਰ ਕਰਦੇ,
ਵਾਂਗ ਬਲਵੀਰ ਦੇ ਉੱਡਜੂ ਜਿੰਦ ਤੇਰੀ॥

## ਦੋਹਿਰਾ

ਭਾਨ ਆਏ ਰਜਨੀ ਗਈ,ਚਿੱੜੀਆਂ ਬੋਲਣ ਬੋਲ।
ਮਾਲਣ ਉਠਕੇ ਆ ਗਈ,ਮਿਸ਼ਰ ਨਿਰਪ ਦੇ ਕੋਲ॥

## ਕਬਿੱਤ

ਰਾਜੇ ਨੇ ਹੁਕਮ ਕੀਤਾ ਸੱਦਕੇ ਵਜ਼ੀਰਾਂ ਤਾਂਈ,
ਛੇਤੀ ਕਰੋ ਤਿਆਰੀ ਜਾਕੇ ਸਭਾ ਨੂੰ ਬੁਲਾਉਣ ਦੀ।
ਸਾਰਿਆਂ ਨੂੰ ਸੱਦਾ ਭੇਜੋ ਕੰਮਾਂ ਨੂੰ ਨਬੇੜ ਆਉਣ,
ਕਰਲੋ ਸਫਾਈ ਲੋੜ ਦਰੀਆਂ ਵਿਛਾਉਣ ਦੀ।
ਮਾਲਣ ਨੇ ਰਹਿੰਦੀ ਬਾਤ ਬੋਲਣੀ ਸਭਾ ਦੇ ਵਿੱਚ,
ਧਿਆਨ ਲਾਕੇ ਸੁਣਾਂਗੇ ਨਾ ਲੋੜ ਸ਼ੋਰ ਪਾਉਂਣ ਦੀ।
ਸੁਣਕੇ ਹੁਕਮ ਸਾਰੇ ਚੱਲੇ ਦਰਬਾਰ ਵੱਲ,
ਕਰਦੇ ਤਿਆਰੀ ਭੰਮੇ ਸਭਾ ਨੂੰ ਲਗਾਉਂਣ ਦੀ॥

## ਦੋਹਿਰਾ

ਰਾਜਾ ਆਖੇ ਮਾਲਣੇ ਧਿਆਲੈ ਸ੍ਰੀ ਗਣੇਸ਼।
ਵਿਘਨ ਕੋਈ ਨਾ ਆਂਵਦਾ ਪੂਰਨ ਕਾਜ਼ ਹਮੇਸ਼॥

## ਦੋਹਿਰਾ

ਰਾਣੀ ਖੜਗਸੈਨ ਦੀ ਚੰਦਰਾਵਤੀ ਸੀ ਨਾਮ,
ਸ਼ੌਕ ਸਗੰਧੀ ਲੈਣ ਦਾ ਬਾਗ ਬਗੀਚੇ ਆਮ॥

## ਚਟਪਟਾ ਛੰਦ

ਰਾਣੀ ਖੜਗਸੈਨ ਦੀ ਪਰੀਆਂ ਦੀ ਰਾਣੀ,
ਸੈਰ ਕਰਨ ਨੂੰ ਚੱਲ ਪਈ ਬੜੀ ਸੁਘੜ ਸਿਆਣੀ,
ਸੰਗ ਓਸਦੇ ਬਾਂਦੀਆਂ ਜਾਂਦੀ ਨਾ ਠੱਲੀ,
ਬਾਗ ਬਗੀਚੇ ਘੁੰਮਦੀ ਮਸਤੀ ਵਿੱਚ ਝੱਲੀ॥1॥

ਵਾਂਗ ਊਖਾਂ ਦੇ ਮੁੱਖੜਾ ਤਿੱਖਾ ਨੱਕ ਤਲਵਾਰੀ,
ਜੁਲਫਾਂ ਵਾਂਗ ਭਜੰਗ ਦੇ ਸੀ ਤੋਰ ਨਿਆਰੀ,
ਭੌਰ ਭੁਲੇਖਾ ਖਾਮਦੇ ਫੁੱਲਾਂ ਸੰਗ ਰੱਲੀ,
ਬਾਗ ਬਗੀਚੇ ਘੁੰਮਦੀ ਮਸਤੀ ਵਿੱਚ ਝੱਲੀ॥2॥

ਵਾਂਗ ਮਿਰਗ ਦੇ ਅੱਖੀਆਂ ਬੁੱਲ੍ਹ ਲਾਲ ਗੁਲਾਬੀ,
ਮਿੱਠੇ ਐਨੇ ਬੋਲ ਸੀ ਜਿਵੇਂ ਧੁਨ ਰਬਾਬੀ,
ਪੰਛੀ ਤੱਕ ਹੈਰਾਨ ਸੀ ਕਿਸਨੇ ਹੈ ਘੱਲੀ,
ਬਾਗ ਬਗੀਚੇ ਘੁੰਮਦੀ ਮਸਤੀ ਵਿੱਚ ਝੱਲੀ॥3॥

ਨਾ ਲੰਮਾ ਨਾ ਮੱਧਰਾ ਕੱਦ ਪੂਰ ਜਵਾਨੀ,
ਮੱਥਾ ਵਾਂਗੂ ਚੰਦ ਦੇ ਡੌਲੇ ਜਿਓਂ ਭਲਵਾਨੀ,
ਰਸਤੇ ਔਣ ਸਗੰਧੀਆਂ ਜਿੰਨੀ ਰਾਹੀਂ ਚੱਲੀ
ਬਾਗ ਬਗੀਚੇ ਘੁੰਮਦੀ ਮਸਤੀ ਵਿੱਚ ਝੱਲੀ॥4॥

ਗਾਨੀ ਧੌਣ ਤੇ ਫੱਬਦੀ ਜਿਓਂ ਨਾਗ ਨਿਆਣਾ,
ਮੁੱਖ ਖੋਲ੍ਹੇ ਦੰਦ ਚਮਕਦੇ ਜੈਸੇ ਖਿੱਲ ਮਖਾਣਾ,
ਤੱਕ ਕੇ ਐਸੀ ਨਾਰ ਨੂੰ ਦੇਹ ਸਭਦੀ ਹੱਲੀ,
ਬਾਗ ਬਗੀਚੇ ਘੁੰਮਦੀ ਮਸਤੀ ਵਿੱਚ ਝੱਲੀ॥5॥

ਫੁੱਲ ਵੀ ਲੈਣ ਸੁਗੰਧੀਆਂ ਜਦ ਨੇੜੇ ਆਵੇ,
ਸੁੱਕੇ ਖਿੜ ਖਿੜ ਜਾਂਵਦੇ ਹੱਥ ਜਿਸਨੂੰ ਲਾਵੇ,
ਵਾਂਗ ਤਿੱਤਲੀਆਂ ਘੁੰਮਦੀ ਮਸਤੀ ਵਿੱਚ ਕੱਲੀ,
ਬਾਗ ਬਗੀਚੇ ਘੁੰਮਦੀ ਮਸਤੀ ਵਿੱਚ ਝੱਲੀ॥6॥

ਆੜੂ ਅੰਬ ਅਨਾਰ ਜੋ ਖਾਂਦੀ ਮਨ ਭਾਉਂਦੇ,
ਤੋਤੇ ਮੈਨਾਂ ਕੋਕਲਾਂ ਤੱਕ ਨੱਚਦੇ ਗਾਉਂਦੇ
ਮੋਰ ਕਬੂਤਰ ਘੁੱਗੀਆਂ ਨੇ ਡੰਡੀ ਮੱਲੀ,
ਬਾਗ ਬਗੀਚੇ ਘੁੰਮਦੀ ਮਸਤੀ ਵਿੱਚ ਝੱਲੀ ॥7॥

ਦੁੱਖ ਸੁੱਖ ਦੋਵੇਂ ਭੰਮਿਆਂ ਇੱਕ ਥਾਂ ਨਾ ਰਹਿੰਦੇ,
ਰਹਿਣ ਵਸੇਰਾ ਬਦਲਦੇ ਸਭ ਗਿਆਨੀ ਕਹਿੰਦੇ,
ਜੈਸੇ ਛਾਇਆ ਰੁੱਖ ਦੀ ਨਾ ਕਿਸਨੇ ਠੱਲੀ,
ਬਾਗ ਬਗੀਚੇ ਘੁੰਮਦੀ ਮਸਤੀ ਵਿੱਚ ਝੱਲੀ॥8॥

## ਦੋਹਿਰਾ

ਰਾਣੀ ਆਖੇ ਬਾਂਦੀਏ,ਦੱਸਦੇ ਸਾਰਾ ਹਾਲ।
ਮੁੰਡਿਆਂ ਦੇ ਸੰਗ ਕੌਣ ਨੀ,ਤੁਰਦੇ ਵਾਂਗ ਮਰਾਲ॥

## ਝੋਕ ਛੰਦ

ਬਾਂਦੀ ਨੂੰ ਪੁੱਛਦੀ ਰਾਣੀ ਕਿਸਦਾ ਏਹ ਬਾਲ ਕੁੜੇ,
ਮਾਤਾ ਉਹ ਕਰਮਾਂ ਵਾਲੀ ਜਿਸਦਾ ਏ ਲਾਲ ਕੁੜੇ,
ਉਹ ਵੀ ਹੈ ਸੁੰਦਰ ਬਹੁਤਾ ਚਲਦਾ ਜੋ ਨਾਲ ਕੁੜੇ,
ਐਸੀ ਨਾ ਸੂਰਤ ਵੇਖੀ ਸੱਚੀ ਗੱਲ ਜਾਣੀ ਜੀ,
ਚੋਬਰ ਦਾ ਰੂਪ ਤੱਕਕੇ ਹੋਗੀ ਦੰਗ ਰਾਣੀ ਜੀ,
ਭਰਦੀਐ ਠੰਡੇ ਹਾਉਂਕੇ॥1॥

ਅਲੱੜ੍ਹ ਹੈ ਉਮਰ ਬਾਂਦੀਏ ਲੱਗਦਾ ਏ ਪਿਆਰਾ ਨੀ,
ਮੁੰਡੇ ਤਾਂ ਸੰਗ ਵਥੇਰੇ ਇਹ ਪਰ ਨਿਆਰਾ ਨੀ,
ਲਾਟੂ ਦੇ ਵਾਂਗ ਮੁੱਖਦਾ ਵੱਜਦਾ ਚਮਕਾਰਾ ਨੀ,
ਮੇਰੀ ਵੀ ਉਮਰ ਏਸਦੀ ਲੱਗਦੀਐ ਹਾਣੀ ਜੀ,
ਚੋਬਰ ਦਾ ਰੂਪ ਤੱਕਕੇ ਹੋਗੀ ਦੰਗ ਰਾਣੀ ਜੀ,
ਭਰਦੀਐ ਠੰਡੇ ਹਾਉਂਕੇ॥2॥

ਤੁਰਦਾ ਹੈ ਵਾਂਗ ਮਿਰਗ ਦੇ ਤੋਰ ਪਿਆਰੀ ਨੀ,
ਹੋਵੇਗੀ ਕਰਮਾਂ ਵਾਲੀ ਇਸਦੀ ਜੋ ਨਾਰੀ ਨੀ,
ਲੱਗਦਾ ਹੈ ਦੇਵ ਬਾਂਦੀਏ ਬੰਦਾ ਸੰਸਾਰੀ ਨੀ,
ਭਾਗਾਂ ਸੇ ਦਰਸ਼ਨ ਹੋਗੇ ਸੁਲਝੂਗੀ ਤਾਣੀ ਜੀ,
ਚੋਬਰ ਦਾ ਰੂਪ ਤੱਕਕੇ ਹੋਗੀ ਦੰਗ ਰਾਣੀ ਜੀ,
ਭਰਦੀਐ ਠੰਡੇ ਹਾਉਂਕੇ॥3॥

ਕੱਦ ਵੀ ਵਾਂਗ ਸਰੂ ਦੇ ਚੋਬਰ ਹੈ ਪੂਰਾ ਜੀ,
ਨੈਣ ਵੀ ਵਾਂਗ ਸ਼ੇਰ ਦੇ ਲੱਗਦਾ ਹੈ ਸੂਰਾ ਜੀ,
ਐਦੂੰ ਨਾ ਵੱਧ ਵੇਖਿਆ ਮੁੱਖੜੇ ਦਾ ਨੂਰਾ ਜੀ,
ਪੈਂਦੀਐ ਠੰਡ ਬਾਂਦੀਏ ਆਪ ਸਿਆਣੀ ਜੀ,
ਚੋਬਰ ਦਾ ਰੂਪ ਤੱਕਕੇ ਹੋਗੀ ਦੰਗ ਰਾਣੀ ਜੀ,
ਭਰਦੀਐ ਠੰਡੇ ਹਾਉਂਕੇ॥4॥

ਮੁੱਖੜੇ ਤੇ ਧਾਰ ਮੁੱਛਾਂ ਦੀ ਕਰਦੀ ਕਲੋਲ ਕੁੜੇ,
ਕੋਇਲ ਦੇ ਵਾਂਗ ਲੱਗਦੇ ਮਿੱਠੇ ਜੇ ਬੋਲ ਕੁੜੇ,
ਵਿਕਦਾ ਜੇ ਮਿਲੇ ਬਜ਼ਾਰੀ ਲੈ ਲਾਂ ਮੈਂ ਮੋਲ ਕੁੜੇ,
ਦਿਲ ਦੀ ਇਹ ਗੱਲ ਬਾਂਦੀਏ ਤੈਨੂੰ ਬਖਾਣੀ ਜੀ,
ਚੋਬਰ ਦਾ ਰੂਪ ਤੱਕਕੇ ਹੋਗੀ ਦੰਗ ਰਾਣੀ ਜੀ,
ਭਰਦੀਐ ਠੰਡੇ ਹਾਉਂਕੇ॥5॥

ਪੁੰਨਿਆਂ ਦਾ ਚੰਦ ਧਰਤ ਤੇ ਲੱਗਦਾ ਹੈ ਆਇਆ ਨੀ,
ਉਹਨਾਂ ਦੇ ਘਰੇ ਰੋਸ਼ਨੀ ਜਿੰਨਾਂ ਦਾ ਜਾਇਆ ਨੀ,
ਲੱਗਦੀਐ ਫਿੱਕੀ ਇਸਦੇ ਅੱਗੇ ਵੀ ਮਾਇਆ ਨੀ,
ਮੈਨੂੰ ਜੇ ਮਿਲਦਾ ਐਸਾ ਬਣਦੀ ਕਹਾਣੀ ਜੀ,
ਚੋਬਰ ਦਾ ਰੂਪ ਤੱਕਕੇ ਹੋਗੀ ਦੰਗ ਰਾਣੀ ਜੀ,
ਭਰਦੀਐ ਠੰਡੇ ਹਾਉਂਕੇ॥ 6॥

ਮੇਰੀ ਤਾਂ ਕਿਸਮਤ ਮਾੜੀ ਮਿਲਿਆ ਨਾ ਹਾਣੀ ਨੀ,
ਚਿੱਤ ਨਾ ਲੱਗੇ ਬਾਂਦੀਏ ਚਾਹੇ ਮੈਂ ਰਾਣੀ ਨੀ,
ਕੁੜੀਆਂ ਦਾ ਜ਼ੋਰ ਨਾ ਚੱਲੇ ਰੀਤ ਪੁਰਾਣੀ ਨੀ,
ਰਾਜੇ ਦੀ ਉਮਰ ਵਡੇਰੀ ਮੇਰੀ ਤਾਂ ਨਿਆਣੀ ਜੀ,
ਚੋਬਰ ਦਾ ਰੂਪ ਤੱਕਕੇ ਹੋਗੀ ਦੰਗ ਰਾਣੀ ਜੀ,
ਭਰਦੀਐ ਠੰਡੇ ਹਾਉਂਕੇ॥ 7॥

ਸੋਹਣੇ ਦਾ ਪਤਾ ਬਾਂਦੀਏ ਛੇਤੀ ਕਰ ਦੱਸਦੇ ਨੀ,
ਕਿਸਦਾ ਹੈ ਲਾਲ ਪਿਆਰਾ ਕਿੱਥੇ ਨੇ ਵੱਸਦੇ ਨੀ,
ਮਿਲਣੇ ਦੀ ਤਾਂਘ ਭੰਮਿਆਂ ਸਾਰੇ ਅੰਗ ਹੱਸਦੇ ਨੀ,
ਚੰਗਾ ਨੀ ਲੱਗਦਾ ਮੈਨੂੰ ਨਾ ਅੰਨ ਪਾਣੀ ਜੀ,
ਚੋਬਰ ਦਾ ਰੂਪ ਤੱਕਕੇ ਹੋਗੀ ਦੰਗ ਰਾਣੀ ਜੀ,
ਭਰਦੀਐ ਠੰਡੇ ਹਾਉਂਕੇ॥ 8॥

## ਕਬਿੱਤ

ਰਾਣੀ ਦੇ ਮੁਖਾਰ ਵਿੱਚੋਂ ਸੁਣਕੇ ਅਨੋਖੀ ਗੱਲ,
ਬਾਂਦੀ ਬਣ ਬੁੱਤ ਖੜੀ ਉਡਗੇ ਨੇ ਹੋਸ਼ ਜੀ।
ਮਨ ਨਾਲ ਗੱਲਾਂ ਕਰੇ ਮਾੜੀ ਕੀਤੀ ਮਾਪਿਆਂ ਨੇ
ਹਾਣੀ ਨੂੰ ਪਿਆਰਾ ਹਾਣ ਇਸਦਾ ਕੀ ਦੋਸ਼ ਜੀ।
ਚੜ੍ਹਦੀ ਜਵਾਨੀ ਕਦੇ ਵੇਖਦੀ ਨਾ ਚੰਗਾ ਮਾੜਾ,
ਅਲਕ ਵਛੇਰੇ ਵਾਂਗੂ ਹੁੰਦੈ ਪੂਰਾ ਜੋਸ਼ ਜੀ।
ਕਿਸ ਵਿਧ ਦੱਸਾਂ ਇਹਨੂੰ ਕੌਣ ਨੇ ਕੁਮਾਰ ਦੋਵੇਂ
ਦੱਸਣ ਦੇ ਨਾਲ ਵਧੂ ਹੋਰ ਭੰਮੇ ਰੋਸ ਜੀ।

## ਦੋਹਿਰਾ

ਬਾਂਦੀ ਆਖੇ ਰਾਣੀਏ ਇਹ ਜੋ ਦੋ ਕੁਮਾਰ।
ਪੁੱਤਰ ਤੇਰੇ ਲੱਗਦੇ ਨਹੀਂ ਆਪ ਨੂੰ ਸਾਰ॥ ॥

## ਬੈਂਤ

ਬਾਂਦੀ ਆਖਦੀ ਰਾਣੀਏ ਸੱਚ ਜਾਣੀ ਦੋਵੇਂ ਬਾਲ ਨੇ ਪੁੱਤ ਕੁਮਾਰ ਤੇਰੇ।
ਸੁਆਮੀ ਤੇਰਾ ਤੇ ਇਨ੍ਹਾਂ ਦਾ ਪਿਤਾ ਲੱਗੇ ਤਾਂ ਹੀ ਲੱਗਦੇ ਸੁਤ ਕੁਮਾਰ ਤੇਰੇ।
ਰੂਪਾਵਤੀ ਸੀ ਇਹਨਾਂ ਦੀ ਮਾਤ ਰਾਣੀ ਵਾਂਗ ਓਸਦੇ ਹੋਣ ਵਿਚਾਰ ਤੇਰੇ।
ਦੇਸ਼ ਤੇਰਾ ਜਾਂ ਇਨ੍ਹਾਂ ਦਾ ਨਹੀਂ ਕੋਈ ਭਾਗ ਗਏ ਨੇ ਰਾਣੀਏ ਹਾਰ ਤੇਰੇ॥

## ਕੁੰਡਲੀਆਂ

ਰਾਣੀ ਆਖੇ ਬਾਂਦੀਏ ਇਹ ਕੀ ਰਹੀ ਉਚਾਰ,
ਮਾਤਾ ਕਿਸ ਵਿਧ ਲੱਗਦੀ ਹੱਥ ਅਕਲ ਨੂੰ ਮਾਰ।
ਹੱਥ ਅਕਲ ਨੂੰ ਮਾਰ ਇਹ ਤਾਂ ਮੇਰੇ ਹਾਣੀ,
ਨਾ ਚੰਘਾਇਆ ਸੀਰ ਮੈਂ ਤੂੰ ਆਪ ਸਿਆਣੀ,
ਨਾ ਹੋਇਆ ਗਰਭ ਮੇਰੀ ਤਾਂ ਉਮਰ ਨਿਆਣੀ,
ਹੰਝੂ ਕੇਰਨ ਨੈਣ ਬਾਂਦੀ ਨੂੰ ਦੱਸੇ ਰਾਣੀ॥

## ਕਬਿੱਤ

ਕਰਦੀ ਉਡੀਕ ਰਾਣੀ ਕਦੋ ਆਵੇ ਦਿਨ ਚੰਗਾ,
ਮਿਲ ਜੇ ਬਸੰਤ ਮੈਂਨੂੰ ਮੇਰਾ ਦਿਲ ਜਾਨੀ ਜੀ।
ਪਲ ਪਲ ਔਖਾ ਲੰਘੇ ਨਾਗ ਵਾਂਗੂ ਮੇਲ੍ਹਦੀ ਦਾ,
ਹਾਣੀ ਬਿਨ ਰੁੱਖੀ ਹੁੰਦੀ ਆਖੇ ਜਿੰਦਗਾਨੀ ਜੀ।
ਕਿਸ ਵਿਧ ਮਿਲੇ ਮੈਨੂੰ ਕਰਦੀ ਸਕੀਮਾਂ ਰੋਜ਼,
ਬਾਂਦੀ ਹੱਥ ਭੇਜ ਦੇਵਾਂ ਛੱਲਾ ਜੋ ਨਿਸ਼ਾਨੀ ਜੀ।
ਸ਼ਰਧਾ ਦੇ ਨਾਲ ਯਾਦ ਕਰੀਏ ਤਾਂ ਮਿਲ ਜਾਂਦਾ,
ਦੱਸਦੇ ਗੁਰੂ ਜੀ ਗੱਲ ਪੂਰੀ ਸੋਲਾ ਆਨੀ ਜੀ॥

## ਦੋਹਿਰਾ

ਖੁੱਦੋ ਖੂੰਡੀ ਖੇਡਦਾ ਹਾਣੀਆਂ ਸੰਗ ਬਸੰਤ,
ਖੁੱਦੋ ਪਹੁੰਚੀ ਮਹਿਲ ਮੇਂ ਪੁੱਜਿਆ ਲੈਣ ਤੁਰੰਤ॥

## ਕਬਿੱਤ

ਵੇਖਕੇ ਬਸੰਤ ਤਾਂਈ ਹੋ ਗਈ ਹੈਰਾਨ ਰਾਣੀ,
ਪੁੰਨਿਆਂ ਦਾ ਚੰਦ ਕਿਵੇਂ ਆ ਗਿਆ ਬਨੇਰੇ ਤੇ।
ਮਿੱਠਾ ਮਿੱਠਾ ਬੋਲ ਆਖੇ ਬੈਠ ਜਾ ਬਸੰਤ ਰਾਜੇ,
ਮਿੱਠੀਆਂ ਗੱਲਾਂ ਦਾ ਜਾਲ ਸਿੱਟਦੀ ਬਘੇਰੇ ਤੇ।
ਕਦੇ ਉਠੇ ਬੈਠ ਜਾਵੇ ਕਾਮ ਨੇ ਸਤਾਈ ਹੋਈ,
ਨੈਣਾਂ ਨਾਲ ਵਾਰ ਕਰੇ ਜੰਗਲੀ ਬਟੇਰੇ ਤੇ।
ਬੈਠ ਜਾ ਪਲੰਘ ਉਤੇ ਮੌਜ਼ਾਂ ਮਾਣ ਸੋਹਣਿਆਂ ਤੂੰ,
ਪ੍ਰੇਮ ਦੀ ਨਜ਼ਰ ਮਾਰ ਭੰਮੇ ਰੂਪ ਮੇਰੇ ਤੇ॥

## ਦੋਹਿਰਾ

ਹੱਥ ਜੋੜ ਕਰ ਆਖਦਾ ਮਾਤਾ ਸੁਣੋ ਪੁਕਾਰ,
ਮੁੱਖ ਸੇ ਇਹ ਕੀ ਬੋਲਦੇ ਸੋਚੋ ਕਰੋ ਵਿਚਾਰ॥

## ਕੇਸਰੀ ਛੰਦ

ਦੋਵੇਂ ਹੱਥ ਜੋੜ ਅਰਜ਼ ਗੁਜਾਰਦਾ,
ਵਾਰ ਵਾਰ ਸੀਸ ਚਰਨਾਂ ਤੇ ਡਾਰਦਾ,
ਜਿਸਦਾ ਪਲੰਘ ਮੇਰਾ ਭਗਵਾਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥1॥

ਮੇਰੇ ਮਾਤਾ ਨਹੀਂ ਮਾਤਾ ਤੁਸੀਂ ਮੇਰੇ ਜੀ,
ਥੋਡੇ ਨਾਲ ਲਏ ਨੇ ਪਿਤਾ ਨੇ ਫੇਰੇ ਜੀ,
ਮਾੜੀ ਨੀਤ ਰੱਖ ਕਰਦੇ ਬਿਆਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥2॥

ਮੰਨਦੇ ਹਾਂ ਮਾਤਾ ਤੇਰਾ ਕੋਈ ਦੋਸ਼ ਨੀ,
ਕਰਮਾਂ ਦੇ ਗੇੜ ਨਾ ਕਿਸੇ ਤੇ ਰੋਸ ਨੀ,
ਕਿਹੜੀ ਗੱਲ ਪਿੱਛੇ ਤੋੜਦੇ ਇਮਾਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥3॥

ਮਨ ਭਾਉਂਦੀ ਚੀਜ਼ ਨਾ ਕਿਸੇ ਨੂੰ ਮਿਲਦੀ,
ਚਾਹਨਾਂ ਹੁੰਦੀ ਸਭਦੀ ਪਿਆਰੀ ਖਿਲਦੀ
ਭਾਗਾਂ ਵਿੱਚ ਲਿਖੇ ਹੁੰਦੇ ਲਾਭ ਹਾਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥4॥

ਆਪਦਾ ਇਮਾਨ ਨਾਲੇ ਮੇਰਾ ਤੋੜਦੇ,
ਗੱਲ ਕਰ ਜਮੀਂ ਤੇ ਅਕਾਸ਼ ਜੋੜਦੇ,
ਐਸੀ ਹੋਣੀ ਨਾਲੋਂ ਮੁੱਕ ਜਾਵੇ ਜਾਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥5॥

ਮੇਰੇ ਲਾਇਕ ਸੇਵਾ ਦੱਸੋ ਹੋਰ ਮਾਤਾ ਜੀ,
ਆਪਦਾ ਪੁੱਤਰ ਥੋਡਾ ਜ਼ੋਰ ਮਾਤਾ ਜੀ,
ਦੇਹੀ ਰੋਗ ਕੋਈ ਜਿੰਦ ਕੁਰਬਾਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥6॥

ਪਿਤਾ ਪਿੱਛੇ ਹੁੰਦੇ ਬੱਚਿਆਂ ਦੇ ਸਾਕ ਜੀ,
ਬੰਦ ਹੋਏ ਲੱਗਦੇ ਤੁਮਾਰੇ ਤਾਕ ਜੀ,
ਮਾਂ ਤੇ ਪੁੱਤ ਵਾਲਾ ਰਿਸ਼ਤਾ ਮਹਾਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥7॥

ਰੂਪ ਕਹੇ ਮੈਨੂੰ ਰਹੀਏ ਮਾਤਾ ਸੰਗ ਜੀ,
ਆਪ ਵਾਲੀ ਨੀਤੀ ਮੈਨੂੰ ਗਈ ਐ ਡੰਗ ਜੀ
ਮੱਮਤਾ ਦੀ ਆਪ ਖੋਲ ਲਓ ਦੁਕਾਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥8॥

ਮਾਤਾ ਦਾ ਪਿਆਰ ਸਭ ਸਦਾ ਭਾਲ ਦੇ,
ਹੋਰਨਾਂ ਪ੍ਰੇਮ ਕੋਈ ਏਹਦੇ ਨਾਲ ਦੇ,
ਮਾਤਾ ਰੁੱਸ ਜਾਵੇ ਰੁੱਸਦਾ ਜਹਾਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥9॥

ਖੁੱਦੋ ਸਾਡੀ ਆਈ ਵਿੱਚ ਰਣਵਾਸ ਦੇ,
ਸਿਰ ਤੇ ਟਕਾਦੇ ਹੱਥ ਮਾਤਾ ਦਾਸ ਦੇ,
ਭੰਮੇ ਨਾਲ ਜਾਕੇ ਖੇਡਣਾ ਮੈਦਾਨ ਜੀ,
ਚਰਨਾਂ ਦੇ ਵਿੱਚ ਦਾਸ ਦਾ ਸਥਾਨ ਜੀ॥10॥

## ਦੋਹਿਰਾ

ਸੁਣਕੇ ਐਨੀ ਵਾਰਤਾ ਰਾਣੀ ਕਰੇ ਬਿਆਨ,
ਤੇਰੇ ਬਾਝੋ ਸੋਹਣਿਆਂ ਤੜਫ ਰਹੀ ਹੈ ਜਾਨ॥

## ਚਟਪਟਾ ਛੰਦ

ਰਾਣੀ ਅਰਜ਼ ਗੁਜਾਰ ਦੀ ਗੱਲ ਸੁਣਲੈ ਮੇਰੀ
ਕਿਓਂ ਬਸੰਤਾ ਸੋਹਣਿਆਂ ਬੈਠਾ ਢਾਹਕੇ ਢੇਰੀ,
ਰਲ ਮਿਲ ਮੌਜ਼ਾਂ ਮਾਣੀਏ ਮੰਨ ਗੱਲ ਹਮਾਰੀ,
ਆਪਾਂ ਹਾਣੋ-ਹਾਣ ਵੇ, ਭੁੱਲ ਰਿਸ਼ਤੇਦਾਰੀ॥1॥

ਨਾ ਤੂੰ ਪੇਟੋਂ ਜੰਮਿਆਂ ਨਾ ਗੋਦੀ ਚੜ੍ਹਿਆ,
ਐਵੇਂ ਮਾਤਾ ਆਖਦਾ ਤੂੰ ਮੈਨੂੰ ਅੜਿਆ,
ਮਾਤਾ ਗਰਭ ਹੈ ਧਾਰਦੀ ਨਾ ਗੱਲ ਵਿਚਾਰੀ,
ਆਪਾਂ ਹਾਣੋ-ਹਾਣ ਵੇ, ਭੁੱਲ ਰਿਸ਼ਤੇਦਾਰੀ॥2॥

ਨਾ ਚੰਘਾਇਆ ਸੀਰ ਮੈਂ ਨਾ ਮੋਢੇ ਲਾਇਆ,
ਰਾਣੀ ਰੂਪਾਵਤੀ ਦਾ ਹੈ ਤੂੰ ਵੇ ਜਾਇਆ,
ਕਿਸ ਵਿਧ ਮਾਤਾ ਆਖਦਾ ਹੈ ਗੱਲ ਨਿਆਰੀ,
ਆਪਾਂ ਹਾਣੋ-ਹਾਣ ਵੇ, ਭੁੱਲ ਰਿਸ਼ਤੇਦਾਰੀ॥3॥

ਰਾਜੇ ਖੜਗਸੈਨ ਦੀ ਹੈ ਉਮਰ ਵਡੇਰੀ,
ਮਾਪੇ ਕਹਿਰ ਗੁਜਾਰਗੇ ਕਰ ਸ਼ਾਦੀ ਮੇਰੀ,
ਜ਼ੋਰ ਕੋਈ ਨਾ ਚੱਲਿਆ ਮੈਂ ਬਾਜ਼ੀ ਹਾਰੀ,
ਆਪਾਂ ਹਾਣੋ-ਹਾਣ ਵੇ, ਭੁੱਲ ਰਿਸ਼ਤੇਦਾਰੀ॥4॥

ਬੈਠ ਸ਼ੇਜ ਤੇ ਮੱਖਣਾ ਮੈਂ ਅਰਜ਼ਾਂ ਕਰਦੀ,
ਮਾਪੇ ਮੁੱਖ ਵੀ ਮੋੜਗੇ ਨਾ ਕੋਈ ਦਰਦੀ,
ਮੰਨ ਜਾ ਮੇਰੀ ਬੇਨਤੀ ਨਾ ਕਰ ਇਨਕਾਰੀ,
ਆਪਾਂ ਹਾਣੋ-ਹਾਣ ਵੇ, ਭੁੱਲ ਰਿਸ਼ਤੇਦਾਰੀ॥5॥

ਜਿੰਦ ਹਮਾਰੀ ਲੋਚਦੀ ਤੇਰਾ ਸਾਥ ਪਿਆਰੇ,
ਬਣ ਪਤਨੀ ਮੈਂ ਆਪਦੀ ਲਵਾਂ ਖੂਬ ਨਜ਼ਾਰੇ,
ਪੂਰੀ ਕਰਦੇ ਇੱਛਿਆ ਜਾਂ ਮਾਰ ਕਟਾਰੀ,
ਆਪਾਂ ਹਾਣੋ-ਹਾਣ ਵੇ, ਭੁੱਲ ਰਿਸ਼ਤੇਦਾਰੀ॥6॥

ਤੈਨੂੰ ਪਤੀ ਮੈਂ ਮੰਨਿਆਂ ਗੱਲ ਸੱਚੀ ਜਾਣੀ,
ਤੂੰ ਹੀ ਮੇਰਾ ਬਾਦਸ਼ਾਹ ਮੈਂ ਤੇਰੀ ਰਾਣੀ,
ਹੋਰ ਕੀ ਆਖਾ ਰਾਜਿਆ ਕਰਮਾਂ ਦੀ ਮਾਰੀ,
ਆਪਾਂ ਹਾਣੋ-ਹਾਣ ਵੇ, ਭੁੱਲ ਰਿਸ਼ਤੇਦਾਰੀ॥7॥

ਆਖਿਰ ਦੇ ਵਿੱਚ ਭੰਮਿਆਂ ਹੁਣ ਮੇਰੀ ਅਰਜ਼ੀ,
ਸੁੱਖ ਜਾਂ ਦੁੱਖ ਵੇਖਣੇ ਇਹ ਹੈ ਤੇਰੀ ਮਰਜ਼ੀ,
ਦਿਨ ਨੂੰ ਰਾਤ ਬਣਾਂਵਦੀ ਜੇ ਚਾਹੇ ਨਾਰੀ,
ਆਪਾਂ ਹਾਣੋ-ਹਾਣ ਵੇ, ਭੁੱਲ ਰਿਸ਼ਤੇਦਾਰੀ॥8॥

## ਬੈਂਤ

ਬਸੰਤ ਆਖਦਾ ਸਿੱਟਕੇ ਨੀਰ ਨੈਣੋ,
ਕੈਸੇ ਬਚਨ ਤੂੰ ਰਹੀ ਉਚਾਰ ਮਾਤਾ।
ਸ਼ੀਹਣੀ ਮਾਂ ਦਾ ਚੁੰਘਿਆ ਸੀਰ ਮੈਂਨੇ,
ਕਿਵੇਂ ਜਾਂਵਾਂ ਮੈਂ ਧਰਮ ਨੂੰ ਹਾਰ ਮਾਤਾ।

ਗੁਰੂ ਬਾਮ ਤੇ ਪਿਤਾ ਦੀ ਬਾਮ ਮਾਤਾ,
ਇਸ ਗੱਲ ਨੂੰ ਸਮਝ ਵਿਚਾਰ ਮਾਤਾ।
ਦੋਸ਼ ਹੋਰ ਦਾ ਦੋਸ਼ੀ ਨਾ ਕਰ ਮੈਂਨੂੰ,
ਤੇਰੇ ਪਤੀ ਦਾ ਦਾਸ ਕੁਮਾਰ ਮਾਤਾ।
ਐਸੇ ਹੋਣਗੇ ਜਗਤ ਮੇਂ ਕਾਰਨਾਮੇ,
ਔਰਤ ਵਿਕੂਗੀ ਵਿੱਚ ਬਾਜ਼ਾਰ ਮਾਤਾ।
ਪਿਤਾ ਪੁੱਤ ਵੀ ਜਾਣਗੇ ਇੱਕ ਅੱਡੇ,
ਭਾਈਆਂ ਵਿੱਚ ਨਾ ਰਹੂਗਾ ਪਿਆਰ ਮਾਤਾ।
ਕੁੱਤੇ ਬੈਠਣਗੇ ਵਿੱਚ ਗੱਡੀਆਂ ਦੇ,
ਗਊ ਗਰੀਬ ਨੂੰ ਦੇਣਗੇ ਮਾਰ ਮਾਤਾ।
ਕੰਨਿਆਂ ਲੱਭੂਗੀ ਆਪਣਾ ਵਰ ਆਪੇ,
ਚੌਧਰੀ ਹੋਣਗੇ ਛੀ ਤੇ ਚਾਰ ਮਾਤਾ।
ਕਲਮਾਂ ਵਾਲੇ ਵੀ ਭੁੱਲਕੇ ਫਰਜ਼ ਆਪਣਾ
ਗਾਉਣ ਲਿਖਣ ਦਾ ਕਰਨ ਵਪਾਰ ਮਾਤਾ।
ਰਮਣ ਰੇਵਤੀ ਦਾਸ ਦੇ ਗੁਰੂ ਮਾਈ
ਦਾਦਾ ਗੁਰੂ ਨੇ ਰਚਨਹਾਰ ਮਾਤਾ।
ਭੰਮੇ ਆਖਦਾ ਮਾਤਾ ਜੀ ਮਾਫ ਕਰਨਾ
ਆਖਿਰ ਵਿੱਚ ਮੇਰੀ ਨਮਸਕਾਰ ਮਾਤਾ।

## ਦੋਹਿਰਾ

ਐਨੀ ਬਾਤ ਉਚਾਰਕੇ ਹੋਇਆ ਬਸੰਤ ਰਵਾਨ,
ਰਾਣੀ ਅਵਾਜ਼ਾਂ ਮਾਰਦੀ ਕੱਢ ਲੈ ਗਿਆ ਜਾਨ॥

## ਕਬਿੱਤ

ਮੰਨੀ ਨਹੀਂ ਗੱਲ ਮੇਰੀ ਕੀਤੀ ਮੈਂ ਅਰਜ਼ ਵਾਧੂ,
ਦੇਖੀ ਮੈਂ ਚਲਾਊਂ ਕੈਸੇ ਹੁਣ ਪੁੱਠੀ ਰੇਲ ਜੀ।
ਕੱਖਾਂ ਨਾਲੋ ਹੌਲਾ ਕਰ ਦੇਵਣਾ ਪਲਾਂ ਦੇ ਵਿੱਚ,
ਅੱਗ ਉਤੇ ਸੁੱਟ ਦੇਣਾ ਚਾਣ ਚੱਕ ਤੇਲ ਜੀ।

ਪਿਤਾ ਪੁੱਤ ਵਾਲਾ ਸਾਕ ਤੋੜਣਾ ਤੜੱਕ ਕਰ,
ਮੁੜਕੇ ਨਾ ਹੋਣ ਕਦੇ ਦੋਵਾਂ ਵਾਲਾ ਮੇਲ ਜੀ।
ਜੁਲਫਾਂ ਖਲਾਰ ਰਾਣੀ ਬੈਠਗੀ ਪਲੰਘ ਉਤੇ,
ਕਾਮ ਦੀ ਸਤਾਈ ਭੰਮੇ ਖੇਡੇ ਹੋਰ ਖੇਲ ਜੀ॥

## ਦੋਹਿਰਾ

ਰਾਜਾ ਆਇਆ ਮਹਿਲ ਮੇਂ ਹੋਇਆ ਤੱਕ ਹੈਰਾਨ,
ਕਿਓਂ ਪਰਾਂਦਾ ਖੋਲਿਆ ਛੇਤੀ ਕਰੋ ਬਿਆਨ॥

## ਦੋਹਿਰਾ

ਰਾਣੀ ਆਖੇ ਰਾਜਿਆ ਹੋਈ ਮਾੜੀ ਗੱਲ,
ਦੱਸਦੀ ਦਾ ਮਨ ਡੋਲਦਾ ਹੋਣ ਕਲੇਜੇ ਸੱਲ।

## ਮਨੋਹਰ ਭਵਾਨੀ ਛੰਦ

ਰਾਣੀ ਅਰਜ਼ ਗੁਜ਼ਾਰੇ ਨੀਰ ਨੇਤਰਾਂ 'ਚੋਂ ਡਾਰੇ
ਤੀਰ ਰਾਜਨੇ ਦੇ ਮਾਰੇ,ਸੁਣੋ ਗੌਰ ਨਾਲ ਜੀ,
ਕੈਸੇ ਹੋਇਆ ਰਾਜਾ ਮੇਰਾ ਮੰਦਾ ਹਾਲ ਜੀ।

ਖੁੱਦੋ ਲੈਣ ਦੇ ਬਹਾਨੇ,ਆਇਆ ਮਹਿਲ ਜਨਾਨੇ,
ਜਿਵੇਂ ਹੋਂਵਦੇ ਬਿਗਾਨੇ,ਵੱਖਰੀ ਸੀ ਚਾਲ ਜੀ,
ਖੋਲ ਗਿਆ ਬਸੰਤ ਰਾਜਾ ਮੇਰੇ ਵਾਲ ਜੀ॥1॥

ਮੈਂ ਕਹਾਂ ਪੁੱਤ ਪਿਆਰੇ,ਬੜੇ ਚਿਰੋਂ ਗੇੜੇ ਮਾਰੇ,
ਹੋਗੇ ਮਹਿਲ ਉਜਾਰੇ,ਚੰਗਾ ਦਿਨ ਚੜ੍ਹਿਆ,
ਕੱਚਾ ਪੀਣਾ ਦੁੱਧ ਜਾਂ ਪੀਣਾ ਤੌੜੀ ਕੜ੍ਹਿਆ।

ਉਹਨੇ ਭੈੜੇ ਬੋਲੇ ਬੋਲ,ਕਿਵੇਂ ਦੱਸਾਂ ਤੈਂਨੂੰ ਖੋਲ੍ਹ,
ਆਖੇ ਬੈਠ ਮੇਰੇ ਕੋਲ,ਮੈਂ ਹਾਂ ਨਰਪਾਲ ਜੀ,
ਖੋਲ ਗਿਆ ਬਸੰਤ ਰਾਜਾ ਮੇਰੇ ਵਾਲ ਜੀ॥2॥

ਉਹਦੇ ਨੈਣੀ ਕਾਮ ਆਇਆ,ਨਾ ਹੱਟਿਆ ਹੱਟਾਇਆ,
ਮੈਂ ਬਹੁਤਾ ਸਮਝਾਇਆ,ਮੇਰੇ ਵੱਲ ਆਉਂਦਾ ਸੀ,
ਮਾਰ ਦੇਣਾ ਤੈਨੂੰ ਆਖਕੇ ਡਰਾਉਂਦਾ ਸੀ।

ਗੱਲ ਆਖੇ ਮੰਨ ਮੇਰੀ,ਰਾਜਾ ਉਮਰ ਵਡੇਰੀ,
ਤੇਰੀ ਉਮਰ ਛਟੇਰੀ,ਅਜੇ ਠਾਰਾਂ ਸਾਲ ਜੀ,
ਖੋਲ ਗਿਆ ਬਸੰਤ ਰਾਜਾ ਮੇਰੇ ਵਾਲ ਜੀ॥3॥

ਕੋਈ ਹੋਰ ਹੁੰਦੀ ਨਾਰ, ਜਾਂਦੀ ਜਤ ਸਤ ਹਾਰ,
ਵੇਖੋ ਕਰਕੇ ਵਿਚਾਰ, ਕੈਸੇ ਰੰਗ ਹੋਣੇ ਸੀ,
ਮਾਤਾ-ਪਿਤਾ ਵਾਲੇ ਸਾਕ ਭੰਗ ਹੋਣੇ ਸੀ।

ਉਹਦੀ ਨਹੀਂ ਪੇਸ਼ ਚੱਲੀ,ਚਾਹੇ ਮੈਂ ਸੀ ਇੱਕਲੀ,
ਦੁੱਧ ਮੱਖਣਾਂ ਦੀ ਪਲੀ, ਨੇ ਭਜਾਤਾ ਬਾਲ ਜੀ,
ਖੋਲ ਗਿਆ ਬਸੰਤ ਰਾਜਾ ਮੇਰੇ ਵਾਲ ਜੀ॥4॥

ਮੇਰੀ ਆਖਰੀ ਅਰਜ਼,ਇਹਦੇ ਵਿੱਚ ਕੀ ਹਰਜ਼,
ਤੈਂਨੂੰ ਦੱਸਣਾ ਫਰਜ਼,ਪੁੱਤ ਕਾਮੀ ਹੋ ਗਿਆ,
ਆਪਣਾ ਧਰਮ ਪਲਾਂ ਵਿੱਚ ਖੋ ਗਿਆ।

ਭੰਮੇ ਸੱਦੋ ਦਰਬਾਰ,ਨਾ ਐਸੀ ਕਰੇ ਕਾਰ,
ਹੋਜੇ ਪੂਰਾ ਸਮਝਦਾਰ,ਨਾ ਦੇਣੀ ਗੱਲ ਟਾਲ ਜੀ,
ਖੋਲ ਗਿਆ ਬਸੰਤ ਰਾਜਾ ਮੇਰੇ ਵਾਲ ਜੀ॥5॥

## ਕਬਿੱਤ

ਹੋ ਗਿਆ ਕ੍ਰੋਧਵਾਨ ਰਾਜਾ,ਰਾਣੀ ਮੁੱਖੋਂ ਗੱਲ ਸੁਣ,
ਅੱਖੀਆਂ 'ਚ ਲਾਲ ਡੋਰੇ,ਆਏ ਨਰਪਾਲ ਦੇ।
ਕਹੇ ਰਾਣੀ ਮਾਫ ਕਰ,ਭੁੱਲਜਾ ਕਹਾਣੀ ਸਾਰੀ,
ਵੇਖੀਂ ਤੂੰ ਨਤੀਜੇ ਹੁਣ,ਚੱਲੀ ਮਾੜੀ ਚਾਲ ਦੇ।
ਸਜਾ ਦੇਣੀ ਐਸੀ ਜਿਹੜੀ,ਕਦੇ ਨਹੀਂ ਦਿੱਤੀ ਪਹਿਲਾਂ,
ਤੂੰਬੇ-ਤੂੰਬੇ ਕਰ ਦੇਣੇ, ਓਹਦੀ ਗੋਰੀ ਖਾਲ ਦੇ।
ਅੱਖੀਆਂ ਦੇ ਹੰਝੂ ਪੂੰਜੇ,ਰਾਜਾ ਵੇਖੋ ਰਾਣੀ ਵਾਲੇ,
ਪੋਲੇ ਪੋਲੇ ਹੱਥ ਭੰਮੇ ਫੇਰੇ ਉਤੇ ਗਾਲ ਦੇ।

## ਕਬਿੱਤ

ਰਾਣੀ ਸੱਚੀ ਰਾਜਾ ਸੱਚਾ,ਸੱਚਾ ਹੈ ਬਸੰਤ ਭਾਈ
ਕਿਸੇ ਦਾ ਨਾ ਦੋਸ਼ ਬੱਸ,ਖ਼ੁਦਾ ਵਾਲੇ ਰੰਗ ਜੀ।
ਪੰਜਾਂ ਉਤੇ ਜਿੱਤ ਪਾਉਣੀ,ਵੱਸ ਨਾ ਕਿਸੇ ਦੇ ਗੱਲ,
ਸਾਰਾ ਜੱਗ ਕਰੀ ਜਾਵੇ,ਇਹਨਾਂ ਨਾਲ ਜੰਗ ਜੀ।
ਪੰਜਾਂ ਦਾ ਹੈ ਮੋਢੀ ਕਾਮ,ਜੀਵਾਂ ਤਾਂਈ ਤੰਗ ਕਰੇ,
ਮਰਨ ਕਿਨਾਰੇ ਬੰਦਾ,ਕਰੇ ਇਹਦੀ ਮੰਗ ਜੀ।
ਆਯੂ ਜਾਤ ਰਿਸ਼ਤੇ ਨੂੰ ਪਲਾਂ ਵਿੱਚ ਮੇਟ ਦਿੰਦਾ,
ਕਰਦਾ ਭਸਮ ਭੰਮੇ, ਜਿਸ ਲਾਇਆ ਸੰਗ ਜੀ।

## ਦੋਹਿਰਾ

ਭਾਨ ਗਿਆ ਰਜ਼ਨੀ ਆਈ,ਗਾਥਾ ਕੀਤੀ ਬੰਦ,
ਮਾਲਣ ਆਖੇ ਰਾਜਿਆ ਕੱਲ੍ਹ ਜੋੜਾਂਗੇ ਤੰਦ।

## ਦੋਹਿਰਾ

ਕਹੇ ਬਾਦਸ਼ਾਹ ਮਾਲਣੇ ਗੱਲ ਹੈ ਤੇਰੀ ਠੀਕ
ਆਉਣਾ ਕੱਲ ਦਰਬਾਰ ਮੇਂ ਕਰਨੀ ਅਸੀਂ ਉਡੀਕ।

## ਕੇਸਰੀ ਛੰਦ

ਕਿਸੇ ਨੂੰ ਕੀ ਪਤਾ ਮੇਰੀ ਹੈ ਕਹਾਣੀ ਜੀ,
ਬਹੁਤੀ ਯਾਦ ਆਉਂਦੀ ਉਥੇ ਮੌਜ਼ ਮਾਣੀ ਜੀ,
ਮਨ ਨਾਲ ਗੱਲਾਂ ਨੈਣੀ ਨੀਰ ਭਰਕੇ,
ਰੋਂਦਾ ਹੈ ਨਿਰਪ ਗੱਲਾਂ ਯਾਦ ਕਰਕੇ॥1॥

ਮਾਤਾ ਪਿੱਛੇ ਲੜਦੇ ਸਾਂ ਦੋਵੇਂ ਵੀਰ ਜੀ,
ਮੇਰੀ ਮੇਰੀ ਆਖ ਖਿੱਚ ਲੈਂਦੇ ਚੀਰ ਜੀ,
ਦਿੰਦੀ ਸੀ ਝਿੜਕ ਬਹਿੰਦੇ ਦੋਵੇਂ ਡਰਕੇ,
ਰੋਂਦਾ ਹੈ ਨਿਰਪ ਗੱਲਾਂ ਯਾਦ ਕਰਕੇ ॥2॥

ਮੈਂਨੂੰ ਸੀ ਬਸੰਤ ਬਹੁਤਾ ਪਿਆਰ ਕਰਦਾ,
ਖੇਡਾਂ ਵਾਲੇ ਡੱਬੇ ਮੇਰੇ ਕੋਲ ਧਰਦਾ,
ਬਹੁਤਾ ਖੁਸ਼ ਹੁੰਦਾ ਮੇਰੇ ਕੋਲੋਂ ਡਰਕੇ,
ਰੋਂਦਾ ਹੈ ਨਿਰਪ ਗੱਲਾਂ ਯਾਦ ਕਰਕੇ ॥3॥

ਛੱਤੀ ਪਕਵਾਨ ਅਸੀਂ ਕੱਠੇ ਖਾਂਦੇ ਸੀ,
ਇੱਕ ਦੂਜੇ ਮੁੱਖ ’ਚ ਗਰਾਹੀ ਪਾਂਦੇ ਸੀ,
ਦਿੰਦੀ ਸੀ ਮੱਖਣ ਮਾਤਾ ਵਾਧੂ ਧਰਕੇ,
ਰੋਂਦਾ ਹੈ ਨਿਰਪ ਗੱਲਾਂ ਯਾਦ ਕਰਕੇ ॥4॥

ਪਿਤਾ ਸ੍ਰੀ ਸੰਗ ਅਸੀਂ ਬਾਗ ਜਾਂਦੇ ਸੀ,
ਤੋਤਲੀ ਆਵਾਜ਼ ਦੋਵੇਂ ਗੀਤ ਗਾਂਦੇ ਸੀ,
ਝਰਨੇ ਤੋਂ ਪੀਦੇਂ ਪਾਣੀ ਬੁੱਕ ਭਰਕੇ,
ਰੋਂਦਾ ਹੈ ਨਿਰਪ ਗੱਲਾਂ ਯਾਦ ਕਰਕੇ ॥5॥

ਦੀਪਾਵਲੀ ਆਉਂਦੀ ਦੀਵੇ ਵਾਧੂ ਲਾਉਂਦੇ ਸੀ,
ਮਾਤਾ ਪਿਤਾ ਸੰਗ ਲੱਛਮੀ ਧਿਆਉਂਦੇ ਸੀ
ਕਰਦੇ ਸੀ ਪੂਜਾ ਸੀਸ ਪੈਰੀਂ ਧਰਕੇ,
ਰੋਂਦਾ ਹੈ ਨਿਰਪ ਗੱਲਾਂ ਯਾਦ ਕਰਕੇ ॥6॥

ਮਾਤਾ ਨਾਲ ਰੁੱਸ ਜਾਂਦਾ ਸੀ ਬਸੰਤ ਜੀ,
ਮੱਥਾ ਚੁੰਮ ਮਾਤਾ ਚੁੱਕਦੀ ਤੁਰੰਤ ਜੀ,
ਐਸਾ ਸੀਨ ਵੇਖਣਾ ਪਊਗਾ ਮਰਕੇ,
ਰੋਂਦਾ ਹੈ ਨਿਰਪ ਗੱਲਾਂ ਯਾਦ ਕਰਕੇ ॥7॥

ਕਿਸੇ ਵਿਧ ਰੱਬਾ ਤੂੰ ਕਰਾ ਦੇ ਮੇਲ ਜੀ,
ਬੁੱਝ ਚੱਲੇ ਦੀਵੇ ਵਿੱਚ ਪਾਦੇ ਤੇਲ ਜੀ,
ਦੁੱਖਾਂ ਦਾ ਸਮੁੰਦ ਲੰਘ ਜਾਂਵਾ ਤਰਕੇ,
ਰੋਂਦਾ ਹੈ ਨਿਰਪ ਗੱਲਾਂ ਯਾਦ ਕਰਕੇ ॥8॥

ਨੈਣਾਂ ਵਿਚੋਂ ਨੀਂਦਰ ਉਡਾਰੀ ਮਾਰਗੀ,
ਮਾਲਣ ਦੀ ਗਾਥਾ ਮੇਰਾ ਸੀਨਾ ਠਾਰਗੀ,
ਮਿਲੂ ਭੰਮੇ ਵੀਰਾ ਸੱਜੀ ਅੱਖ ਫਰਕੇ,
ਰੋਂਦਾ ਹੈ ਨਿਰਪ ਗੱਲਾਂ ਯਾਦ ਕਰਕੇ ॥9॥

## ਬੈਂਤ ਛੰਦ

ਪਹਿਲਾਂ ਹੋਈ ਤੇ ਜਿਹੜੀ ਹੋਣ ਵਾਲੀ,
ਸਿਆਣੇ ਆਖਦੇ ਸਕਦੀ ਨਾ ਟੱਲ ਭਾਈ।
ਸਬਰ ਨਾਲ ਕੱਟਦਾ ਜੇ ਰੰਡ ਰਾਜਾ,
ਸਭ ਤੋਂ ਚੰਗੀ ਸੀ ਏਹੋ ਗੱਲ ਭਾਈ।
ਪਤੀ ਨਾਰ ਦਾ ਰਹੇ ਨਾ ਜੱਗ ਉਤੇ,
ਬੱਚੇ ਪਾਲਦੀ ਕਾਲਜੇ ਸੱਲ ਭਾਈ।
ਰਾਜਾ ਹਾਣ ਦੀ ਕੁੜੀ ਜੇ ਲ਼ੈ ਆਉਂਦਾ,
ਆਉਂਦੀ ਬਿਪਤ ਨਾ ਬਾਲਾ ਤੇ ਚੱਲ ਭਾਈ।
ਮਾਪੇ ਕੁੜੀ ਵਾਲੇ ਜੇ ਸੋਚ ਲੈਂਦੇ,
ਕੁਸਤੀ ਜੋੜ ਨਾਹੀਂ ਤੱਕੜਾ ਮੱਲ ਭਾਈ।
ਪਿਆਰਾ ਹੁੰਦਾ ਹੈ ਹਾਣ ਨੂੰ ਹਾਣ ਕਹਿੰਦੇ,
ਚੰਗੀ ਲੱਗੇ ਨਾ ਹੇਮ ਦੀ ਖੱਲ ਭਾਈ,
ਸਿੱਧੀ ਉਂਗਲੀ ਕਦੇ ਨਾ ਘੀ ਨਿਕਲੇ,
ਟੇਢੀ ਕਰਕੇ ਕੱਢਣਾ ਹੱਲ ਭਾਈ।
ਚੰਦਰਾਵਤੀ ਨੂੰ ਦੋਸ਼ ਕੀ ਦੇਵਣਾ ਜੀ,
ਕੱਚੀ ਉਮਰ ਖਰਬੂਜੇ ਦੀ ਵੱਲ ਭਾਈ।
ਕੀਤਾ ਓਸਨੇ ਕਰਦਾ ਜੋ ਹਰ ਕੋਈ,
ਬਾਜ਼ੀ ਜਿੱਤ ਜਾਈਏ ਕਰਕੇ ਛੱਲ ਭਾਈ।
ਸੰਜਮ ਨਾਲ ਵਰਤੋ ਜਿਹੜੇ ਪੰਜ ਸਾਡੇ,
ਮਾੜੀ ਇਹਨਾਂ ਨੂੰ ਪਾਵਣੀ ਠੱਲ ਭਾਈ
ਪ੍ਰੇਮ ਵਿੱਚ ਹੀ ਖੁਦਾ ਦਾ ਵਾਸ ਭੰਮੇ,
ਕਰਲੈ ਅੱਜ ਤੂੰ ਕਰੀਂ ਨਾ ਕੱਲ ਭਾਈ॥

## ਕੁੰਡਲੀਆ ਛੰਦ

ਚਿੱੜੀ ਚੂਕੀ ਬਾਗ ਮੇਂ ਮਾਲਣ ਹੋਈ ਤਿਆਰ,
ਹੌਲੀ ਹੌਲੀ ਚੱਲਕੇ ਆਈ ਵਿੱਚ ਦਰਬਾਰ।
ਆਈ ਵਿੱਚ ਦਰਬਾਰ,ਰਾਜੇ ਨੂੰ ਅਰਜ਼ ਗੁਜਾਰੇ,
ਬਿਨ ਮਾਤਾ ਰਾਜਿਆ ਕਦੇ ਨਾ ਹੋਣ ਨਜਾਰੇ,
ਨਾ ਬੂਹੇ ਖੁੱਲ੍ਹਦੇ ਮਿਲਦੀ ਤਾਕੀ ਸਦਾ ਭਿੜੀ,
ਸੁਨੇ ਦਿੱਸਣ ਮਕਾਨ ਨਾ ਬੋਲੇ ਭੰਮੇ ਚਿੜੀ॥

## ਦੋਹਿਰਾ

ਰਾਜਾ ਆਖੇ ਮਾਲਣ ਜੋੜ ਤੰਦ ਸੇ ਤੰਦ,
ਗਾਥਾ ਓਥੋ ਤੋਰਲੈ ਕੀਤੀ ਜਿੱਥੇ ਬੰਦ॥

## ਕਬਿੱਤ

ਰਾਜੇ ਨੇ ਦਰੋਗਾ ਸੱਦ,ਹੁਕਮ ਸੁਣਾਇਆ ਹੈ,
ਫੜਕੇ ਬਸੰਤ ਤਾਂਈ ਕਰੋ ਜੇਲ ਬੰਦ ਜੀ।
ਪਿਛੇ ਹੱਥ ਬੰਨ ਕਰ ਦੋਸ਼ੀਆਂ ਸਮਾਨ ਦੋਸ਼ੀ,
ਓਥੇ ਲਿਆਕੇ ਸੁੱਟੋ ਜਿਥੇ ਹੋਵੇ ਪੂਰਾ ਗੰਦ ਜੀ।
ਕਰਨਾ ਤਰਸ ਮਾੜਾ ਨਾਗ ਬਣੇ ਬੰਦੇ ਉਤੇ
ਹੋਰਾਂ ਨੂੰ ਨਾ ਡੱਸ ਦੇਵੇ ਕਰੋ ਖੱਟੇ ਦੰਦ ਜੀ।
ਦਿਲ ਵਿੱਚੋਂ ਕੱਢ ਦੇਵੋ ਇਹਨੀ ਕੁਮਾਰ ਹੁਣ
ਦੋਸ਼ੀ ਜਾਣੋ ਭੰਮੇ ਪੂਰਾ ਨਹੀਂ ਫਰਜੰਦ ਜੀ॥

## ਦੋਹਿਰਾ

ਹੁਕਮ ਰਾਜੇ ਦਾ ਮੰਨਕੇ ਪਕੜ ਲਿਆ ਸੀ ਬਾਲ,
ਧੱਕੇ ਮਾਰਨ ਓਸਨੂੰ ਜਿਸਦੀ ਸਨ ਕੱਲ ਢਾਲ।

## ਕੇਸਰੀ ਛੰਦ

ਆਉਂਦੇ ਜਾਂਦੇ ਰਾਹੀ ਕਰਦੇ ਵਿਚਾਰ ਜੀ,
ਲੱਗਦਾ ਬਸੰਤ ਰਾਜੇ ਦਾ ਕੁਮਾਰ ਜੀ,
ਹੋਈ ਕਿਹੜੀ ਗੱਲ ਹੱਥ ਬੰਨੇ ਬਾਲ ਦੇ,
ਖਿੱਚਦੇ ਦਰੋਗੇ ਭੇਜੇ ਨਰਪਾਲ ਦੇ ।1।

ਉਮਰ ਨਿਆਣੀ ਨਾ ਸਮਝ ਕੋਈਐ,
ਝੱਲਿਆ ਨੀ ਜਾਂਦਾ ਵੇਖੋ ਮਾਤਾ ਮੋਈਐ,
ਖੇਡਾਂ ’ਚ ਮਸਤ ਭਾਈ ਏਹਦੇ ਨਾਲ ਦੇ,
ਖਿੱਚਦੇ ਦਰੋਗੇ ਭੇਜੇ ਨਰਪਾਲ ਦੇ ।2।

ਛੋਟੇ ਛੋਟੇ ਹੱਥੀਂ ਲਾਈਆਂ ਹੱਥ ਕੜੀਆਂ,
ਪੈਰਾਂ ਵਿੱਚ ਬੇੜੀਆਂ ਕਿਵੇਂ ਨੇ ਜੜੀਆਂ,
ਅੱਗ ਦੇ ਅੰਗਾਰ ਪਾਏ ਉਤੇ ਰਾਲਦੇ,
ਖਿੱਚਦੇ ਦਰੋਗੇ ਭੇਜੇ ਨਰਪਾਲ ਦੇ।3।

ਐਸੀ ਕਿਹੜੀ ਭੁੱਲ ਕਰਤੀ ਕੁਮਾਰ ਨੇ,
ਛੋਟੀ ਜਹੀ ਜਿੰਦ ਤੇ ਚਪ੍ਹਾਟੇ ਚਾਰ ਨੇ,
ਮਨ ਡੋਲੇ ਪਾਣੀ ਜੈਸੇ ਵਿੱਚ ਥਾਲ ਦੇ,
ਖਿੱਚਦੇ ਦਰੋਗੇ ਭੇਜੇ ਨਰਪਾਲ ਦੇ।4।

ਕੌਣ ਕਹੇ ਰਾਣੀਏ ਤੂੰ ਅੱਗਾ ਬੋਚਲੈ,
ਐਸੇ ਕੰਮ ਕਰਨੇ ਤੋਂ ਪਹਿਲਾ ਸੋਚਲੈ,
ਉਗਦੇ ਨੀ ਬੀਜ਼ ਕਦੇ ਭੁੱਜੀ ਦਾਲ ਦੇ,
ਖਿੱਚਦੇ ਦਰੋਗੇ ਭੇਜੇ ਨਰਪਾਲ ਦੇ।5।

ਰੂਪਾਵਤੀ ਹੁੰਦੀ ਹੋਣੀ ਹੋਰ ਗੱਲ ਸੀ,
ਰੂਪ ਤੇ ਬਸੰਤ ਖਾੜੇ ਵਾਲੇ ਮੱਲ ਸੀ,
ਮਾਤਾ ਬਿਨਾਂ ਬੱਚੇ ਬੱਸ ਏਸੇ ਹਾਲ ਦੇ,
ਖਿੱਚਦੇ ਦਰੋਗੇ ਭੇਜੇ ਨਰਪਾਲ ਦੇ।6।

ਆਖਦੇ ਨੇ ਲੋਕੀ ਬਾਤ ਹੋਈ ਮਾੜੀ ਜੀ,
ਰਾਜੇ ਨੂੰ ਸਿਖਾਵੇ ਆਈ ਨਵੀ ਲਾੜੀ ਜੀ,
ਲ਼ੱਗਦੇ ਨੇ ਰੰਗ ਏਹੇ ਓਹਦੀ ਚਾਲ ਦੇ,
ਖਿੱਚਦੇ ਦਰੋਗੇ ਭੇਜੇ ਨਰਪਾਲ ਦੇ।7।

ਆਖਦਾ ਬਸੰਤ ਮੇਰਾ ਦੱਸੋ ਦੋਸ਼ ਜੀ,
ਕਾਸਤੋਂ ਵਧਾਇਆ ਮੇਰੇ ਉਤੇ ਰੋਸ ਜੀ,
ਵੈਰੀ ਬਣ ਬੈਠੇ ਤੁਸੀਂ ਮੇਰੀ ਖਾਲਦੇ,
ਖਿੱਚਦੇ ਦਰੋਗੇ ਭੇਜੇ ਨਰਪਾਲ ਦੇ।8।

ਦੱਸਦਾ ਦਰੋਗਾ ਸਾਡੀ ਮਜ਼ਬੂਰੀ ਐ,
ਰਾਜੇ ਦਾ ਹੁਕਮ ਪਾਲਣਾ ਜਰੂਰੀ ਐ,
ਤਾਬਿਆਦਾਰ ਭੰਮੇ ਅਸੀਂ ਭੂੰਮੀ ਪਾਲ ਦੇ,
ਖਿੱਚਦੇ ਦਰੋਗੇ ਭੇਜੇ ਨਰਪਾਲ ਦੇ।9।

## ਦੋਹਿਰਾ

ਚੋਬਦਾਰ ਨੇ ਦੱਸਿਆ ਰਾਜੇ ਤਾਂਈ ਹਾਲ,
ਵਿੱਚ ਜੇਲ ਦੇ ਸੁੱਟਤਾ ਲਿਆ ਬਸੰਤਾ ਬਾਲ।

## ਕਬਿੱਤ

ਜੰਗਲ ਦੀ ਅੱਗ ਵਾਂਗੂ ਫੈਲਗੀ ਚੁਫੇਰੇ ਗੱਲ,
ਰਾਜੇ ਨੇ ਪੁੱਤਰ ਯਾਰੋ ਜੇਲ ਵਿੱਚ ਸੁੱਟਤਾ।
ਐਨੀ ਮਾੜੀ ਸਜਾ ਕਦੇ ਸੁਣੀ ਨਾ ਜਹਾਨ ਉਤੇ,
ਛੋਲੇ ਕੁੱਟੇ ਜੱਟ ਜੈਸੇ ਐਸੇ ਬਾਲ ਕੁੱਟਤਾ।
ਚੰਗੀ ਹੁੰਦੀ ਗੱਲ ਭਾਈ ਸਜਾ ਨਾਲੋ ਮਾਫੀ ਦੇਣੀ,
ਚੰਦਨ ਦਾ ਰੁੱਖ ਯਾਰੋ ਜਾਣ ਬੁੱਝ ਪੁਟਤਾ।
ਰਾਜੇ ਦਾ ਧਰਮ ਹੁੰਦਾ ਦੁੱਧੋਂ ਪਾਣੀ ਛਾਣ ਦੇਣਾ,
ਭੰਮਿਆਂ ਕ੍ਰੋਧ ਵਿੱਚ ਧਰਮ ਗਲਾ ਘੁਟਤਾ॥

## ਦੋਹਿਰਾ

ਰਾਜਾ ਕਹੇ ਵਜ਼ੀਰ ਨੂੰ ਛੇਤੀ ਸੱਦ ਜਲਾਦ,
ਟੋਟੇ ਕਰਕੇ ਦੱਬਣੀ ਮੈਂ ਐਸੀ ਔਲਾਦ।
ਵਜ਼ੀਰ ਕਹੇ ਸੁਣ ਰਾਜਿਆ ਸੱਚੀ ਗੱਲ ਉਚਾਰ,
ਕਤਲ ਕਰਾਂਵੇ ਪੁੱਤ ਨੂੰ ਕਿਹੜੀ ਕੀਤੀ ਕਾਰ॥

## ਬੈਂਤ

ਰਾਜਾ ਦੱਸਦਾ ਨੇਤਰ ਲਾਲ ਕਰਕੇ,ਸੁਣੀ ਗੱਲ ਤੂੰ ਨਾਲ ਧਿਆਨ ਭਾਈ।
ਬੱਚੇ ਪਾਲੀਏ ਸੁੱਖਾਂ ਨੂੰ ਲੈਣ ਖਾਤਰ ਕਰਦਾ ਆਸ ਹੈ ਸਗਲ ਜਹਾਨ ਭਾਈ।
ਬੱਚੇ ਹੋਣ ਸਿਆਣੇ ਚਿੱਤ ਖੁਸ਼ ਹੁੰਦਾ ਉਚੀ ਹੋਂਵਦੀ ਪਿਤਾ ਦੀ ਸ਼ਾਨ ਭਾਈ।
ਜੀਭਾ ਕੰਬਦੀ ਦੱਸਾਂ ਮੈਂ ਹਾਲ ਕੈਸੇ ਬਸੰਤ ਮਾਤਾ ਤੇ ਹੋਇਆ ਬੇਈਮਾਨ ਭਾਈ।

ਚੰਦਰਾਵਤੀ ਨੇ ਦੱਸਿਆ ਹਾਲ ਸਾਰਾ ਬੈਠ ਸੇਜ ਤੇ ਕੀਤਾ ਅਪਮਾਨ ਭਾਈ।
ਆਖੇ ਰਾਣੀਏ ਬੁੱਢਾ ਪਤੀ ਤੇਰਾ ਮੇਰਾ ਤੇਰਾ ਤਾਂ ਇੱਕੋ ਜਾ ਹਾਣ ਭਾਈ।
ਛੱਡ ਓਸਨੂੰ ਲੱਗ ਤੂੰ ਗਲੇ ਮੇਰੇ ਹੋਈਏ ਇੱਕ ਤੇ ਮੌਜ਼ਾਂ ਨੂੰ ਮਾਣ ਭਾਈ।
ਐਸੇ ਪੁੱਤ ਨੂੰ ਮਾਰਨਾ ਬਹੁਤ ਚੰਗਾ ਚਾਹੇ ਪੁੱਛਲੋ ਸੱਦ ਵਿਦਵਾਨ ਭਾਈ।
ਓਸ ਕੰਮ ਨੂੰ ਮੂਲ ਨਾ ਕਰੇ ਕੋਈ ਜਿਸ ਤੋਂ ਲਾਭ ਨਾ ਹੋਂਵਦਾ ਹਾਨ ਭਾਈ।
ਤੈਨੂੰ ਦੱਸਤੀ ਭੰਮਿਆਂ ਗੱਲ ਸੱਚੀ ਤੂੰ ਵੀ ਸਿਆਣਾ ਹੈਂ ਨਹੀਂ ਨਾਦਾਨ ਭਾਈ॥

## ਕਬਿੱਤ

ਬਿੱਪਰ ਸਿਆਣੇ ਹੁੰਦੇ ਆਖਦਾ ਵਜ਼ੀਰ ਰਾਜਾ,
ਉਹਨਾਂ ਤਾਂਈ ਸੱਦ ਆਪਾ ਕੱਢੋ ਕੋਈ ਹੱਲ ਜੀ।
ਕਾਹਲੀ ਅੱਗੇ ਟੋਏ ਹੁੰਦੇ ਆਖਦੇ ਸਿਆਣੇ ਲੋਕ,
ਸਹਿਜ ਨਾਲ ਸਕਦੀ ਬਿੱਪਤ ਏਹੇ ਟੱਲ ਜੀ।
ਝੂਠੀ ਹੁੰਦੀ ਕਈ ਵਾਰੀ ਕੰਨੀ ਸੁਣੀ ਅੱਖੀਂ ਵੇਖੀ,
ਸੋਚਣਾ ਧਿਆਨ ਲਾਕੇ ਰਾਜਾ ਏਹੇ ਗੱਲ ਜੀ।
ਆਖੇ ਲੱਗ ਰਾਜਾ ਮੇਰੇ ਤਿਆਗ ਦੇ ਕ੍ਰੋਧ ਤਾਂਈ,
ਭੰਮੇ ਜੈਸੇ ਪੁੱਤ ਤਾਂਈ ਨਾ ਮੌਤ ਕੋਲ ਘੱਲ ਜੀ।

## ਦੋਹਿਰਾ

ਬਿੱਪਰ ਆਖਣ ਰਾਜਿਆ ਸੁਣ ਵਿਦਵਾਨੀ ਗੱਲ,
ਵੇਖੇ ਬਹੁਤੀ ਵਾਰ ਨੇ ਝੂਠੇ ਸੱਚੀ ਖੱਲ॥

## ਚਟਪਟਾ ਛੰਦ

ਬਿੱਪਰ ਅਰਜ਼ ਗੁਜਾਰਦੇ ਸੁਣ ਬਾਤ ਹਮਾਰੀ,
ਜਿਹੜੀ ਦੱਸਣੀ ਆਪ ਨੂੰ ਅਸੀਂ ਆਪ ਵਿਚਾਰੀ,
ਸੱਚੀ ਝੂਠੀ ਹੋ ਜਾਂਵਦੀ,ਗੱਲ ਸੱਚੀ ਜਾਣੀ,
ਵਾਂਗ ਹੰਸ ਦੇ ਰਾਜਿਆ ਛਾਣ ਦੁੱਧੋਂ ਪਾਣੀ।1।

ਇੱਕ ਹੱਥ ਨਾ ਵੱਜਦੀ ਇਹ ਸਾਰੇ ਕਹਿੰਦੇ,
ਸਕਤਾ ਸੱਚਾ ਹੋਂਵਦਾ ਦੁੱਖ ਮਾੜੇ ਸਹਿੰਦੇ,
ਘੁੰਮ ਵੇਖਲੋ ਜਗਤ ਮੇਂ ਹੈ ਅਸਲ ਕਹਾਣੀ,
ਵਾਂਗ ਹੰਸ ਦੇ ਰਾਜਿਆ ਛਾਣ ਦੁੱਧੋਂ ਪਾਣੀ।2।

ਸੁਣਕੇ ਦੋਸ਼ੀ ਆਖਣਾ ਨਾ ਚੰਗੀ ਨੀਤੀ,
ਕਦੇ ਕੋਈ ਨਾ ਮੰਨਦਾ ਜਿਸ ਨੇ ਮਾੜੀ ਕੀਤੀ,
ਦੋਸ਼ ਦੂਜੇ ਤੇ ਲਾਵਣਾ ਹੈ ਰੀਤ ਪਰਾਣੀ,
ਵਾਂਗ ਹੰਸ ਦੇ ਰਾਜਿਆ ਛਾਣ ਦੁੱਧੋਂ ਪਾਣੀ।3।

ਇੱਕ ਪਾਸੜ ਦਾ ਫੈਸਲਾ ਨਾ ਬਾਤ ਚੰਗੇਰੀ,
ਪੂਰੀ ਮਿਸਲ ਨੂੰ ਵਾਚਣਾ ਚਾਹੇ ਲਾਵੋ ਦੇਰੀ,
ਹੌਲੀ ਹੌਲੀ ਬਾਦਸ਼ਾਹ ਸੁਲਝੂਗੀ ਤਾਣੀ,
ਵਾਂਗ ਹੰਸ ਦੇ ਰਾਜਿਆ ਛਾਣ ਦੁੱਧੋਂ ਪਾਣੀ।4।

ਕਾਹਲੀ ਅੱਗੇ ਟੋਏ ਦੱਸਦੇ ਨੇ ਗਿਆਨੀ,
ਸਹਿਜ ਪੱਕੇ ਮਿੱਠਾ ਹੋਂਵਦਾ ਗੱਲ ਸੋਲਾਂ ਆਨੀ,
ਦੁੱਖ ਕਦੇ ਨੀ ਆਂਵਦਾ ਜਿੰਨਾਂ ਰਮਜ਼ ਪਛਾਣੀ,
ਵਾਂਗ ਹੰਸ ਦੇ ਰਾਜਿਆ ਛਾਣ ਦੁੱਧੋਂ ਪਾਣੀ।5।

ਕੀ ਫਾਇਦਾ ਹੈ ਓਸਦਾ ਜੇ ਕਰ ਪਛਤਾਉਣਾ,
ਲਫਜ਼ ਜਬਾਨੋ ਕੱਢਿਆ ਨਾ ਮੁੜਕੇ ਆਉਂਣਾ,
ਪਹਿਲਾਂ ਤੋਲ ਕਰ ਬੋਲਣਾ ਨਾ ਬਿੱਪਤਾ ਆਣੀ,
ਵਾਂਗ ਹੰਸ ਦੇ ਰਾਜਿਆ ਕੱਢ ਦੁੱਧੋਂ ਪਾਣੀ।6।

ਅੱਖੀ ਵੇਖੀ ਬਾਦਸ਼ਾਹ ਵੀ ਪਲਟਾ ਖਾਵੇ,
ਕਿਸਨੂੰ ਸਮਝੀਏ ਆਪਣਾ ਇਹ ਸਮਝ ਨਾ ਆਵੇ,
ਨਹੀਂ ਕਿਸੇ ਤੇ ਉਕਰਿਆ ਕਮਲੀ ਕਿ ਸਿਆਣੀ,
ਵਾਂਗ ਹੰਸ ਦੇ ਰਾਜਿਆ ਛਾਣ ਦੁੱਧੋਂ ਪਾਣੀ।7।

ਆਖਿਰ ਦੇ ਵਿੱਚ ਬੇਨਤੀ ਠੰਡੀ ਕਰਲੋ ਕਾਇਆ,
ਲਾਲੋ ਵਧਕੇ ਲਾਲ ਹੈ ਭੰਮੇ ਤੇਰਾ ਜਾਇਆ,
ਚੰਗੀ ਮਾਫੀ ਦੇਵਣੀ ਮਾੜੀ ਸਜਾ ਬਤਾਣੀ,
ਵਾਂਗ ਹੰਸ ਦੇ ਰਾਜਿਆ ਛਾਣ ਦੁੱਧੋਂ ਪਾਣੀ।8।

## ਦੋਹਿਰਾ

ਵਿੱਚ ਜੇਲ ਦੇ ਬਾਲਕਾ,ਮਾਰ ਰਿਹਾ ਹੈ ਬੋਲ।
ਆਜਾ ਮਾਤਾ ਮੇਰੀਏ ਆਜਾ ਮੇਰੇ ਕੋਲ॥

## ਦੋਤਾਰਾ ਛੰਦ

ਤੱਕ ਸੀਨ ਡਰਾਉਣੇ ਨੂੰ ਬਾਲਕਾ ਹੁਬਕੀ ਹੁਬਕੀ ਰੋਵੇ,
ਹਾਲੋ ਬੇਹਾਲ ਹੋਇਆ ਨੈਣਾਂ ਦਾ ਨੀਰ ਮੁੱਖ ਨੂੰ ਧੋਵੇ,
ਤੁਸੀਂ ਆ ਕਰ ਵੇਖੋ ਜੀ,ਕਿੱਥੇ ਬਹਿਗੇ ਡੇਰੇ ਲਾਕੇ,
ਅਸੀਂ ਅਰਜ਼ ਗੁਜਾਰ ਰਹੇ ਦੁੱਖੜੇ ਸੁਣਲੋ ਮਾਤਾ ਆਕੇ।1।

ਮੇਰੀ ਮੌਜ਼ਾਂ ਕਰਦੇ ਦੀ ਪਲ ਵਿੱਚ ਹੋਗੀ ਕਿਸਮਤ ਮਾੜੀ,
ਬਣ ਦੁਸਮਣ ਮੀਤ ਗਏ ਤੇਰੇ ਬਾਝ ਕੋਈ ਨਾ ਆੜੀ,
ਐਸੇ ਦੋਸ਼ ਲਗਾਕੇ ਤੇ ਸਿਟਿਆ ਜੇਲ ਬੇੜੀਆਂ ਲਾਕੇ,
ਅਸੀਂ ਅਰਜ਼ ਗੁਜਾਰ ਰਹੇ ਦੁੱਖੜੇ ਸੁਣਲੋ ਮਾਤਾ ਆਕੇ।2।

ਦੁੱਧ ਮਿਲਾਈਆਂ ਖਾਂਦੇ ਸੀ ਹੁਣ ਮਿਲਦਾ ਇੱਕ ਡੰਗ ਪਾਣੀ,
ਤੁਸੀਂ ਆਕੇ ਵੇਖ ਲਵੋ ਬਣਗੀ ਹੋਰ ਦੀ ਹੋਰ ਕਹਾਣੀ,
ਬਹੁ ਪ੍ਰਕਾਰੀ ਭੋਜਨ ਸੀ ਹੁਣ ਦਿਨ ਕੱਟਦਾ ਇੱਕੋ ਖਾਕੇ,
ਅਸੀਂ ਅਰਜ਼ ਗੁਜਾਰ ਰਹੇ ਦੁੱਖੜੇ ਸੁਣਲੋ ਮਾਤਾ ਆਕੇ।3।

ਅਤਰ ਫਲੇਲਾਂ ਲਾਕੇ ਤੇ ਪਾਉਂਦੇ ਬਸਤਰ ਰੰਗ ਬਰੰਗੇ,
ਹੁਣ ਪਾਏ ਜੇਲੀਆਂ ਦੇ ਸਿਰ ਤੇ ਪੈਰ ਜਮਾਂ ਨੇ ਨੰਗੇ,
ਤੁਸੀਂ ਜਿਹੜੇ ਪਾਉਂਦੇ ਸੀ ਹੁਣ ਨਾ ਵੇਖੇ ਕਦੇ ਵੀ ਪਾਕੇ,
ਅਸੀਂ ਅਰਜ਼ ਗੁਜਾਰ ਰਹੇ ਦੁੱਖੜੇ ਸੁਣਲੋ ਮਾਤਾ ਆਕੇ।4।

ਰੰਗ ਕਾਲਾ ਹੋ ਚੱਲਿਆ ਉਡਗੀ ਜਮਾਂ ਮੁੱਖ ਤੋਂ ਲਾਲੀ,
ਬਿਨ ਮਾਤਾ ਬੱਚਿਆਂ ਦੀ ਰੁਲਦੀ ਮਿੱਟੀ ਵਿੱਚ ਖੁਸ਼ਹਾਲੀ,
ਤੇਰੇ ਬਾਝੋਂ ਦਰਦੀ ਨਾ ਕੱਟਦਾ ਦਿਨ ਮੈਂ ਮੁੱਖ ਛਪਾਕੇ
ਅਸੀਂ ਅਰਜ਼ ਗੁਜਾਰ ਰਹੇ ਦੁੱਖੜੇ ਸੁਣਲੋ ਮਾਤਾ ਆਕੇ।5।

ਮਾਰਨ ਠੁਡੇ ਐਸੇ ਨੀ ਜੈਸੇ ਖਾਂਦਾ ਗਲੀ ਦਾ ਰੋੜਾ,
ਬਾਪੂ ਦੁਸ਼ਮਣ ਬਣ ਬੈਠਾ ਰੱਖਦਾ ਸਦਾ ਹੱਥ ਵਿੱਚ ਕੋੜਾ,
ਜੇ ਇੰਝ ਹੀ ਛੱਡਣਾ ਸੀ ਦਿੰਦੀ ਦੁੱਧ ਤੂੰ ਵਿਖ ਮਿਲਾਕੇ,
ਅਸੀਂ ਅਰਜ਼ ਗੁਜਾਰ ਰਹੇ ਦੁੱਖੜੇ ਸੁਣਲੋ ਮਾਤਾ ਆਕੇ ।6।

ਹੁਣ ਜਲਦੀ ਆ ਜਾਵੋ ਬਹੁਤਾ ਰੋ ਲਿਆ ਮਾਤਾ ਰਾਣੀ,
ਵਿੱਚ ਕਾਲ ਕੋਠੜੀ ਦੇ ਤੜਫੇ ਮੇਰੀ ਜਿੰਦ ਨਿਮਾਣੀ,
ਠੂੰਹੇ ਸੱਪ ਕਿਰਲੀਆਂ ਜੋ ਲੰਘਣ ਕੋਲੋਂ ਮੈਂਨੂੰ ਡਰਾਕੇ,
ਅਸੀਂ ਅਰਜ਼ ਗੁਜਾਰ ਰਹੇ ਦੁੱਖੜੇ ਸੁਣਲੋ ਮਾਤਾ ਆਕੇ।7।

ਜੀਭਾ ਰੁੱਕਦੀ ਜਾਂਦੀਐ ਮੇਰਾ ਮੁੱਖ ਜਮਾਂ ਨੀ ਖੁਲਦਾ,
ਤੈਨੂੰ ਤਰਸ ਨਹੀਂ ਆਉਂਦਾ ਭੰਮੇ ਪੁੱਤ ਮਿੱਟੀ ਵਿੱਚ ਰੁਲਦਾ,
ਦੁੱਧ ਚੁੰਘਿਆ ਤੇਰਾ ਮੈਂ ਤਾਂਹੀ ਬੈਠਾ ਚਿੱਤ ਟਕਾਕੇ,
ਅਸੀਂ ਅਰਜ਼ ਗੁਜਾਰ ਰਹੇ ਦੁੱਖੜੇ ਸੁਣਲੋ ਮਾਤਾ ਆਕੇ।8।

## ਦੋਹਿਰਾ

ਪਲੰਘ ਤੇ ਪਏ ਨਿਰਪ ਨੂੰ ਲਿਆ ਨੀਂਦ ਨੇ ਘੇਰ,
ਸੀਨ ਅਨੋਖਾ ਵੇਖਕੇ ਰਿਹਾ ਅੱਥਰੂ ਕੇਰ।

## ਦੋਤਾਰਾ ਛੰਦ

ਮਹਿਲਾਂ ਵਿੱਚ ਸੁਤੇ ਨੂੰ ਨਿਰਪ ਨੂੰ ਐਸਾ ਸਪਨਾਂ ਆਇਆ,
ਇੱਕ ਸੁੰਦਰ ਨਾਰੀ ਨੇ ਰਾਜਾ ਬਾਹੋਂ ਪਕੜ ਉਠਾਇਆ,
ਮੈਂ ਰਾਣੀ ਤੇਰੀਆਂ ਜਿਸ ਨੂੰ ਹਰਦਮ ਕੋਲ ਬਠਾਉਂਦੇ,
ਕਿਓ ਹਾਰੇ ਬਚਨਾਂ ਤੋਂ ਨਾਲੇ ਪੁੱਤਰ ਕਤਲ ਕਰਾਉਂਦੇ ।1।

ਕਰ ਯਾਦ ਰਾਜਿਆ ਤੂੰ ਜਦ ਸੀ ਵੱਲ ਬਾਗ ਦੇ ਜਾਂਦੇ,
ਕੱਠੇ ਉਡਦੇ ਬਹਿੰਦੇ ਸੀ ਭੋਜਨ ਇੱਕ ਥਾਲ਼ੀ ਵਿੱਚ ਖਾਂਦੇ,
ਕੀਤੇ ਕੌਲ ਕਰਾਰਾਂ ਨੂੰ ਦੱਸੋ ਹੁਣ ਕਿਓ ਦਿਲੋਂ ਭਲਾਉਂਦੇ,
ਕਿਓ ਹਾਰੇ ਬਚਨਾਂ ਤੋਂ ਨਾਲੇ ਪੁੱਤਰ ਕਤਲ ਕਰਾਉਂਦੇ।2।

ਤੁਸੀਂ ਹਰਦਮ ਕਹਿੰਦੇ ਸੀ ਰਾਣੀ ਤੂੰ ਮੇਰੀ ਮੈਂ ਤੇਰਾ,
ਇਹ ਬਾਤਾਂ ਭੁੱਲ ਗਏ ਭੁੱਲਗੇ ਨਾਂ ਰਾਜਿਆ ਮੇਰਾ,
ਜੇ ਇੰਝ ਹੀ ਕਰਨੀ ਸੀ ਕਾਸਤੋਂ ਝੂਠੇ ਸੀਨ ਵਖਾਉਂਦੇ,
ਕਿਓ ਹਾਰੇ ਬਚਨਾਂ ਤੋਂ ਨਾਲੇ ਪੁੱਤਰ ਕਤਲ ਕਰਾਉਂਦੇ।3।

ਗੱਲ ਸੱਚੀ ਫੱਕਰਾਂ ਦੀ ਭੁੱਲਦੇ ਮਰਿਆਂ ਮਗਰੋਂ ਸਾਰੇ,
ਪਹਿਲਾਂ ਐਸੇ ਬੋਲਣ ਜੀ ਤੇਰੇ ਬਾਝ ਨਾ ਹੋਰ ਸਹਾਰੇ,
ਤੁਸੀਂ ਖੋਟੇ ਨਿਕਲੇ ਜੀ ਪਿਆਰ ਦੀਆਂ ਗੱਲਾਂ ਕਰ ਭਰਮਾਉਂਦੇ,
ਕਿਓ ਹਾਰੇ ਬਚਨਾਂ ਤੋਂ ਨਾਲੇ ਪੁੱਤਰ ਕਤਲ ਕਰਾਉਂਦੇ।4।

ਸੁੱਖਾਂ ਸੁੱਖਕੇ ਵੇਖੇ ਸੀ ਆਪਾਂ ਦੋਵੇਂ ਪੁੱਤਰ ਪਿਆਰੇ,
ਹੁਣ ਮਾਰੋਂ ਉਹਨਾਂ ਨੂੰ ਕਾਸਤੋਂ ਬਣ ਬੈਠੇ ਹੱਤਿਆਰੇ,
ਲਾ ਬੂਟੇ ਆਪੇ ਹੀ ਜੋਬਨ ਰੁੱਤੇ ਰੁੱਖ ਪਟਾਉਂਦੇ,
ਕਿਓ ਹਾਰੇ ਬਚਨਾਂ ਤੋਂ ਨਾਲੇ ਪੁੱਤਰ ਕਤਲ ਕਰਾਉਂਦੇ।5।

ਕੀ ਲੋੜ ਸੀ ਸ਼ਾਦੀ ਦੀ ਪੁੱਤਰ ਵਿਆਹਕੇ ਲਿਆਉਂਦੇ ਲਾੜੀ,
ਲਿਆ ਕੁੜੀ ਛਟੇਰੀ ਨੂੰ ਕੀਤੀ ਹਰਕਤ ਹੱਦੋਂ ਮਾੜੀ,
ਕੀ ਦੋਸ਼ ਵਿਚਾਰੀ ਦਾ ਉਸਦੇ ਸੰਗ ਕਿਓਂ ਮਨ ਪਰਚਾਉਂਦੇ
ਕਿਓ ਹਾਰੇ ਬਚਨਾਂ ਤੋਂ ਨਾਲੇ ਪੁੱਤਰ ਕਤਲ ਕਰਾਉਂਦੇ।6।

ਜੇ ਜਿਉਂਦੀ ਹੁੰਦੀ ਮੈਂ ਰੱਖਦੀ ਪੁੱਤਰ ਸੀਨੇ ਲਾਕੇ,
ਬਹੁਤੇ ਔਖੇ ਪਾਲੇ ਨੇ ਗਿੱਲੇ ਪੈ ਕੇ ਸੁੱਕੇ ਪਾਕੇ,
ਨਾ ਸਾਰ ਆਪਨੂੰ ਹੈ ਮੁੱਲ ਨੂੰ ਕਦੇ ਨਾ ਪੁੱਤ ਥਿਆਉਂਦੇ,
ਕਿਓਂ ਹਾਰੇ ਬਚਨਾਂ ਤੋਂ ਨਾਲੇ ਪੁੱਤਰ ਕਤਲ ਕਰਾਉਂਦੇ ।7॥

ਚੰਗਾ ਫਿਰ ਰਾਜਾ ਜੀ ਖੋਲੋ ਅੱਖੀਆਂ ਮੈਂ ਤਾਂ ਚੱਲੀ,
ਮੇਰਾ ਪੁੱਤਰ ਦੋਸ਼ੀ ਨਾ ਚੰਦਰਾਵਤੀ ਕਾਮ ਵਿੱਚ ਝੱਲੀ,
ਉਸ ਅਲਕ ਵਛੇਰੀ ਨੂੰ ਕਿਓ ਨੀ ਸੰਜਮ ਪੈਖੜ ਲਾਉਂਦੇ,
ਕਿਓ ਹਾਰੇ ਬਚਨਾਂ ਤੋਂ ਨਾਲੇ ਪੁੱਤਰ ਕਤਲ ਕਰਾਉਂਦੇ।8।

ਤੱਕ ਸੀਨ ਅਨੋਖੇ ਨੂੰ ਰਾਜੇ ਨੂੰ ਹੋਈ ਬੜੀ ਹੈਰਾਨੀ,
ਰੂਪਾਵਤੀ ਰਾਣੀ ਸੀ ਐਸੀ ਹੋਰਨਾ ਕੋਈ ਜਨਾਨੀ,
ਛੱਡ ਸੋਚ ਭੰਮਿਆਂ ਤੂੰ ਮੁਰਦੇ ਕਦੇ ਨਾ ਮੁੜਕੇ ਆਉਂਦੇ,
ਕਿਓ ਹਾਰੇ ਬਚਨਾਂ ਤੋਂ ਨਾਲੇ ਪੁੱਤਰ ਕਤਲ ਕਰਾਉਂਦੇ।9।

## ਕਬਿੱਤ

ਹੋਇਆ ਪਰੇਸ਼ਾਨ ਰਾਜਾ ਆ ਗਿਆ ਪਸੀਨਾ ਬਹੁਤਾ,
ਚੰਦਰਾਵਤੀ ਨੂੰ ਕਹੇ ਪਾਣੀ ਦੇਹ ਪਿਆਰੀਏ।
ਵੇਖਿਆ ਅਨੋਖਾ ਸੀਨ ਸਪਨੇ ਦੇ ਵਿੱਚ ਮੈਂ ਤਾਂ,
ਰੂਪਾਵਤੀ ਕਹੇ ਮੈਂਨੂੰ ਧਰਮ ਨਾ ਹਾਰੀਏ।
ਹੋਰ ਵੀ ਵਥੇਰਾ ਕੁਝ ਬੋਲਿਆ ਜਬਾਨ ਵਿਚੋਂ,
ਕਿਹੜੀ ਕਿਹੜੀ ਗੱਲ ਦੱਸ ਕਿਸ ਸੇ ਵਿਚਾਰੀਏ।
ਕੋਈ ਨਹੀਂ ਦੋਸ਼ੀ ਕਹੇ ਰਾਜਿਆ ਵਗੈਰ ਤੇਰੇ,
ਤੁਸੀਂ ਬੀਜੇ ਕੰਡੇ ਸਾਰੇ ਕੈਸੇ ਰਾਹ ਸਵਾਰੀ ਏ॥

## ਦੋਹਿਰਾ

ਰਾਣੀ ਆਖੇ ਰਾਜਿਆ ਇਹ ਕੀ ਦੱਸੇ ਬਾਤ,
ਨਾ ਸੱਚਾ ਸਪਨਾ ਹੋਂਵਦਾ ਜੋ ਆਉਂਦਾ ਹੈ ਰਾਤ॥

## ਦੋਤਾਰਾ ਛੰਦ

ਦੋ ਕਿਸਮਾਂ ਦੇ ਸਪਨੇ ਦੱਸਦੇ ਜਿੰਨੇ ਜਗਤ ਗਿਆਨੀ,
ਇੱਕ ਆਵੇ ਸੁੱਤਿਆਂ ਨੂੰ ਦੂਜਾ ਵੇਖੇ ਦਿਨੇ ਪਰਾਣੀ,
ਰੰਗ ਬੜੇ ਦਖਾਉਂਦਾ ਹੈ ਹੋਵਣ ਦੇਖ ਦੰਗ ਨਰ ਨਾਰੀ,
ਸੁਪਨਾ ਸੁਪਨਾ ਹੁੰਦਾ ਏ ਦੁਨੀਆਂ ਸੁਪਨੇ ਵਾਲੀ ਨਿਆਰੀ ।1।

ਲੈ ਓਥੇ ਜਾਂਦਾ ਏ ਜਿਥੇ ਗਿਆ ਨਾ ਬਾਪੂ ਦਾਦਾ,
ਐਸੇ ਭੋਜਨ ਦੇ ਦਿੰਦਾ ਜਿਹੜਾ ਨਹੀਂ ਕਿਸੇ ਨੇ ਖਾਧਾ,
ਕਦੇ ਮੰਗਣ ਲਾ ਦਿੰਦਾ ਖਾਲੀ ਖੜਕੇ ਅੰਨ ਬਖਾਰੀ,
ਸੁਪਨਾ ਸੁਪਨਾ ਹੁੰਦਾ ਏ ਦੁਨੀਆਂ ਸੁਪਨੇ ਵਾਲੀ ਨਿਆਰੀ।2।

ਕਦੇ ਸੂਰਾ ਕਰ ਦਿੰਦਾ ਕਦੇ ਹੈ ਡਰਦੀ ਜਿੰਦ ਨਿਮਾਣੀ,
ਕਦੇ ਸਿੱਟਦਾ ਕੂਏ ਮੇ ਕਦੇ ਨਾ ਮਿਲੇ ਪੀਣ ਨੂੰ ਪਾਣੀ,
ਕਦੇ ਜੇਤੂ ਦੁਨੀਆਂ ਦਾ ਕਦੇ ਗਲ ਵਿੱਚ ਪਾਉਂਦਾ ਹਾਰੀ,
ਸੁਪਨਾ ਸੁਪਨਾ ਹੁੰਦਾ ਏ ਦੁਨੀਆਂ ਸੁਪਨੇ ਵਾਲੀ ਨਿਆਰੀ।3।

ਕਦੇ ਮੋਟਰ ਗੱਡੀਆਂ ਤੇ ਮਿਲੇ ਨਾ ਕਦੇ ਚੜਨ ਨੂੰ ਲਾਰੀ,
ਕਦੇ ਵਾਂਗੂ ਹਿਰਨਾਂ ਦੇ ਕਦੇ ਨਾ ਜਾਂਦੀ ਕਰਮ ਉਠਾਰੀ,
ਕਦੇ ਦੁਨੀਆਂ ਮਿੱਤਰਾਂ ਦੀ ਕਦੇ ਤਾਂ ਮਿੱਤਰ ਰੱਖਦੇ ਖਾਰੀ,
ਸੁਪਨਾ ਸੁਪਨਾ ਹੁੰਦਾ ਏ ਦੁਨੀਆਂ ਸੁਪਨੇ ਵਾਲੀ ਨਿਆਰੀ।4।

ਕਦੇ ਊੜਾ ਆੜਾ ਨਾ ਕਦੇ ਨਾ ਆਉਂਦੀ ਲਿਖਣੀ ਫੱਟੀ,
ਕਦੇ ਮਾਸਟਰ ਲਾ ਦਿੰਦਾ ਬਹਿੰਦਾ ਜਾ ਵਿਦਿਆ ਦੀ ਹੱਟੀ,
ਕਦੇ ਤਖਤ ਬਿਠਾ ਦਿੰਦਾ ਬੈਠ ਦਾ ਜੈਸੇ ਉਚ ਲਿਖਾਰੀ,
ਸੁਪਨਾ ਸੁਪਨਾ ਹੁੰਦਾ ਏ ਦੁਨੀਆਂ ਸੁਪਨੇ ਵਾਲੀ ਨਿਆਰੀ।5।

ਕਦੇ ਸੂਤ ਬਣਾ ਦਿੰਦਾ ਬਾਪੂ ਕਹਿੰਦੇ ਕਦੇ ਨਿਆਣੇ,
ਕਦੇ ਮੋਢੀ ਛੜਿਆਂ ਦਾ ਕਦੇ ਤਾਂ ਸ਼ਾਦੀ ਵਾਲੇ ਗਾਣੇ,
ਕਦੇ ਅੱਥਰੂ ਨੈਣਾਂ ਮੇਂ ਕਦੇ ਨਾ ਜਾਂਦੀ ਖੁਸ਼ੀ ਸਿਹਾਰੀ,
ਸੁਪਨਾ ਸੁਪਨਾ ਹੁੰਦਾ ਏ ਦੁਨੀਆਂ ਸੁਪਨੇ ਵਾਲੀ ਨਿਆਰੀ।6।

ਕਦੇ ਬਾਗ ਬਗੀਚਿਓ ਮੇਂ ਕਦੇ ਭੇਜੇ ਜੰਗਲ ਬਰਾਨੀ,
ਕਦੇ ਸੱਦਕੇ ਸੁਰਗਾਂ ’ਚੋਂ ਮੇਲਦਾ ਬਾਪੂ ਦਾਦਾ ਨਾਨੀ,
ਕਦੇ ਜ਼ੋਰ ਜਵਾਨੀ ਦਾ ਕਦੇ ਵੱਲ ਸਿਵਿਆਂ ਦੇ ਤਿਆਰੀ,
ਸੁਪਨਾ ਸੁਪਨਾ ਹੁੰਦਾ ਏ ਦੁਨੀਆਂ ਸੁਪਨੇ ਵਾਲੀ ਨਿਆਰੀ।7।

ਚੰਗਾ ਚੰਗਾ ਆਵੇ ਜੀ ਹਰ ਕੋਈ ਅਰਜ਼ ਰਾਮ ਨੂੰ ਕਰਦਾ,
ਸੁਪਨਾ ਸੁਪਨਾ ਹੁੰਦਾ ਏ ਹਰ ਕੋਈ ਸੁਪਨੇ ਕੋਲੋਂ ਡਰਦਾ,
ਸੋਹਣਾ ਹੋਵੇ ਦਿਨ ਵਾਲਾ ਭੰਮਿਆ ਮੇਹਰ ਕਰੇ ਬਨਵਾਰੀ,
ਸੁਪਨਾ ਸੁਪਨਾ ਹੁੰਦਾ ਏ ਦੁਨੀਆਂ ਸੁਪਨੇ ਵਾਲੀ ਨਿਆਰੀ।8।

## ਦੋਹਿਰਾ

ਰਾਜਾ ਕਹੇ ਵਜ਼ੀਰ ਨੂੰ ਮੰਨੀ ਥੋਡੀ ਗੱਲ,
ਨਾ ਮੈਂ ਮੱਥੇ ਲਾਵਣਾਂ ਦਿਓ ਵਣੀ ਨੂੰ ਘੱਲ॥

## ਕਬਿੱਤ

ਰਾਜੇ ਦਾ ਹੁਕਮ ਮੰਨ ਕੱਢਕੇ ਬਸੰਤ ਜੇਲੋਂ,
ਦੋਹੇਂ ਬਾਹਾਂ ਫੜ ਕਰ ਵਣੀ ਵੱਲ ਚੱਲੇ ਨੇ।
ਨਗਰੀ ਦੇ ਵਾਸੀ ਵੇਖ ਰੋਂਦੇ ਧਾਹਾਂ ਮਾਰ ਭਾਈ,
ਪੁਸ਼ਪ ਅਨਾਰੀ ਅੱਜ ਰੇਤ ਵਿੱਚ ਰਲੇ ਨੇ।
ਮਾਤਾ ਬਿਨਾਂ ਬੱਚਿਆਂ ਦਾ ਐਸਾ ਸਦਾ ਹਾਲ ਹੁੰਦਾ,
ਆਖਦੇ ਸਿਅਣੇ ਲੋਕ ਬਹੁਤੇ ਦੁੱਖ ਝੱਲੇ ਨੇ।
ਲਾਲ ਸੂਹਾ ਰੰਗ ਜਿਹੜਾ ਲੱਗੇ ਬਦਰੰਗ ਅੱਜ,
ਸਭਨਾਂ ਦੇ ਮਨ ਭੰਮੇ ਸੀਨ ਵੇਖ ਹੱਲੇ ਨੇ।

## ਦੋਹਿਰਾ

ਤੱਕ ਬਸੰਤ ਰੂਪ ਨੇ ਮਾਰੀ ਮਹਿਲੋਂ ਛਾਲ।
ਕੀ ਇੱਕਲੇ ਦਾ ਜੀਵਣਾਂ ਮੈਂ ਵੀ ਜਾਣਾ ਨਾਲ॥

## ਬੈਂਤ

ਰੂਪ ਆਖਦਾ ਗਲੇ ਲੱਗ ਵੀਰ ਤਾਂਈ, ਮੈਂ ਵੀ ਜਾਵਣਾ ਤੁਸਾਂ ਦੇ ਨਾਲ ਭਾਈ।
ਵਰਤੀ ਆਪ ਉਤੇ ਵਰਤੂ ਨਾਲ ਮੇਰੇ, ਪਿਤਾ ਰਿਹਾ ਨਾ ਸੁਣ ਨਰਪਾਲ ਭਾਈ।
ਰਾਣੀ ਚੰਦਰਾਵਤੀ ਦੀ ਗੱਲ ਮਾੜੀ,ਪੁਠੀ ਚੱਲੀਐ ਓਸਨੇ ਚਾਲ ਭਾਈ।
ਮਾਤਾ ਹੁੰਦਿਆਂ ਮਾਣੀਆਂ ਬਹੁਤ ਮੌਜਾਂ,ਬਿਨਾਂ ਓਸ ਦੇ ਮੰਦੜੇ ਹਾਲ ਭਾਈ।
ਮਾਤਾ ਕਾਰਣ ਪਿਤਾ ਦਾ ਸਾਕ ਹੁੰਦਾ,ਬਿਨਾਂ ਮਾਤਾ ਨਾ ਪਿਤਾ ਦੇ ਬਾਲ ਭਾਈ।
ਵਿੱਚ ਵਣੀ ਦੇ ਇੱਕਲੇ ਨੂੰ ਬਹੁਤ ਔਖਾ,ਨੂੰਹੇ ਸੱਪ ਤੇ ਫਿਰੇ ਸਰਾਲ ਭਾਈ।
ਇੱਕ ਮਾਤਾ ਦਾ ਚੁੰਘਿਆ ਸੀਰ ਆਪਾਂ,ਤੈਥੋ ਛੋਟਾ ਮੈਂ ਇੱਕ ਹੀ ਸਾਲ ਭਾਈ।
ਬਿਪਤ ਆਵੇਗੀ ਜਦੋਂ ਵੀ ਸਿਰ ਉਤੇ ਇੱਕ ਦੂਜੇ ਦੀ ਬਣਾਗੇ ਢਾਲ ਭਾਈ।
ਜਿੱਤ ਹੋਂਵਦੀ ਸਦਾ ਹੀ ਸੱਚਿਆਂ ਦੀ,ਕੇਸ਼ਵ ਦੇਣਗੇ ਏਸ ਨੂੰ ਟਾਲ ਭਾਈ।
ਸਮਾਂ ਆਉਣ ਤੇ ਝੂਠੇ ਨੂੰ ਪੈਣ ਹੁੱਜਾਂ,ਸੇਕ ਝੱਲੇ ਨਾ ਕਦੇ ਵੀ ਰਾਲ ਭਾਈ।
ਦਰਸ਼ਨ ਭੰਮਿਆਂ ਗੁਰਾਂ ਦੀ ਮੇਹਰ ਹੋਵੇ,ਟਲ ਸਕਦਾ ਸਿਰਾਂ ਤੋਂ ਕਾਲ ਭਾਈ॥

## ਦੋਹਿਰਾ

ਸੰਗਲਦੀਪ ਦੀ ਜੂਹ ਨੂੰ ਛੱਡਗੇ ਰਾਜ ਕੁਮਾਰ,
ਹੁਣ ਮੈਂ ਥੱਕੀ ਰਾਜਿਆ ਸਕਾਂ ਨਾ ਕਥਾ ਉਚਾਰ॥

## ਦੋਹਿਰਾ

ਬਾਤ ਤੁਮਾਰੀ ਮਾਲਣੇ,ਕਰੇ ਕਲੇਜੇ ਸੱਲ,
ਜੋ ਕੁਝ ਲੈਣਾ ਲੈ ਲਵੋ, ਛੇਤੀ ਆਉਣਾ ਕੱਲ॥

## ਦੋਹਿਰਾ

ਪੰਛੀ ਬੋਲੇ ਮਾਲਣ ਉਠੀ ਹੋਈ ਝੱਟ ਤਿਆਰ,
ਆ ਰਾਜੇ ਨੂੰ ਆਖਦੀ,ਰਾਜਾ ਜੀ ਨਮਸਕਾਰ॥

## ਦੋਹਿਰਾ

ਅੱਗੇ ਸੁਣ ਤੂੰ ਰਾਜਿਆ,ਬੜੀ ਅਨੌਖੀ ਬਾਤ,
ਜੰਗਲ ਵਿਚਾਲੇ ਬਾਲਕੇ, ਪਈ ਹਨੇਰੀ ਰਾਤ॥

## ਵਰਣਕ ਤਰਜ਼

ਜੰਗਲ ਦੇ ਵਿੱਚ ਪਹੁੰਚਗੇ ਦੋਵੇਂ ਜੋ ਭਾਈ ਜੀ,
ਸੂਰਜ ਨੇ ਗੋਡੀ ਮਾਰੀ ਰਜ਼ਨੀ ਸੀ ਆਈ ਜੀ,
ਉਲੂ ਚਮਗਿੱਦੜ ਤੱਕਕੇ ਸ਼ੋਰ ਮਚਾਉਂਦੇ ਨੇ,
ਬੱਚਿਆਂ ਨੂੰ ਵਣੀ ਬਸੀਂਦੇ ਪੂਰਾ ਡਰਾਉਂਦੇ ਨੇ।1।

ਬੱਦਲਾਂ ਨੇ ਚੰਦਰਮਾਂ ਨੂੰ ਢੱਕਿਆ ਸੀ ਪੂਰਾ ਜੀ,
ਹੱਥ ਨੂੰ ਹੱਥ ਨਾ ਦਿੱਸੇ ਫਿੱਕਾ ਹੈ ਨੂਰਾ ਜੀ,
ਬਿੱਲੇ ਵੀ ਦੂਰੋਂ ਚਲਕੇ ਡੰਡੀ ਤੇ ਆਉਂਦੇ ਨੇ,
ਬੱਚਿਆਂ ਨੂੰ ਵਣੀ ਬਸੀਂਦੇ ਪੂਰਾ ਡਰਾਉਂਦੇ ਨੇ ।2।

ਕਈ ਆਖਦੇ ਚੋਰ ਭਰਾਵੋ ਆਪਣੇ ਘਰ ਆਏ ਨੇ,
ਪਕੜਣ ਦੀ ਖਾਤਰ ਸਾਨੂੰ ਜਾਲ ਵਿਛਾਏ ਨੇ,
ਆਪਣੀ ਹੀ ਬੋਲਕੇ ਬੋਲੀ ਸਭ ਨੂੰ ਸਮਝਾਉਂਦੇ ਨੇ,
ਬੱਚਿਆਂ ਨੂੰ ਵਣੀ ਬਸੀਂਦੇ ਪੂਰਾ ਡਰਾਉਂਦੇ ਨੇ।3।

ਭੂਤਾਂ ਦਾ ਪਾਉਣ ਭਲੇਖਾ ਪੱਤੇ ਹਿੱਲ ਰੁੱਖਾਂ ਦੇ,
ਕੰਬਦੇ ਨੇ ਡਰਦੇ ਮਾਰੇ ਪੀਲੇ ਰੰਗ ਮੁੱਖਾਂ ਦੇ,
ਖਿਚਦੇ ਇੱਕ ਦੂਜੇ ਤਾਂਈ ਆਪਣੇ ਗਲ ਲਾਉਂਦੇ ਨੇ,
ਬੱਚਿਆਂ ਨੂੰ ਵਣੀ ਬਸੀਂਦੇ ਪੂਰਾ ਡਰਾਉਂਦੇ ਨੇ।4।

ਦੁੱਖਾਂ ਵਿੱਚ ਵਾਧਾ ਕਰਦੀ ਚਲੀ ਹਨੇਰੀ ਜੀ,
ਰੁੱਖਾਂ ਨੂੰ ਪੁਟਕੇ ਸੁਟਦੀ ਕਰਦੀ ਸੀ ਢੇਰੀ ਜੀ,
ਵਣ ਦਾ ਰੁੱਖ ਚੀੜਾ ਹੁੰਦਾ ਓਟ ਤਕਾਉਂਦੇ ਨੇ,
ਬੱਚਿਆਂ ਨੂੰ ਵਣੀ ਬਸੀਂਦੇ ਪੂਰਾ ਡਰਾਉਂਦੇ ਨੇ।5।

ਦਾਮਨੀ ਬੱਦਲਾਂ ਵਿੱਚੋਂ ਚਮਕਾ ਸੀ ਮਾਰਦੀ,
ਮੋਰ ਵੀ ਡਰਦੇ ਬੋਲਣ ਜਾਂਦੀ ਜਿੰਦ ਹਾਰਦੀ,
ਨਾਗ ਵੀ ਸੰਗ ਟਾਹਣਿਆਂ ਗੁਝਲਾਂ ਵਧਾਉਂਦੇ ਨੇ,
ਬੱਚਿਆਂ ਨੂੰ ਵਣੀ ਬਸੀਂਦੇ ਪੂਰਾ ਡਰਾਉਂਦੇ ਨੇ।6।

ਝਖੜ ਨੇ ਜ਼ੋਰ ਆਪਣਾ ਪੂਰਾ ਹੀ ਲਾ ਦਿੱਤਾ,
ਵਣ ਦਾ ਜੋ ਰੁੱਖ ਪੱਟਕੇ ਧਰਤੀ ਤੇ ਪਾ ਦਿੱਤਾ,
ਬਾਲਾਂ ਦੇ ਪੈਰ ਨਾ ਟਿੱਕਦੇ ਜਿੱਥੇ ਟਕਾਉਂਦੇ ਨੇ,
ਬੱਚਿਆਂ ਨੂੰ ਵਣੀ ਬਸੀਂਦੇ ਪੂਰਾ ਡਰਾਉਂਦੇ ਨੇ।7।

ਵਿਛੜਗੇ ਦੋਵੇਂ ਭਾਈ ਜੰਗਲ ਵਿਚਕਾਰ ਜੀ,
ਇੱਕ ਦੂਜੇ ਨੂੰ ਮਾਰ ਆਵਾਜ਼ਾਂ ਬੈਠੇ ਨੇ ਹਾਰ ਜੀ,
ਚਲਦੀ ਨਾ ਪੇਸ਼ ਭੰਮਿਆਂ ਰੋਂਦੇ ਕੁਰਲਾਉਂਦੇ ਨੇ,
ਬੱਚਿਆਂ ਨੂੰ ਵਣੀ ਬਸੀਂਦੇ ਪੂਰਾ ਡਰਾਉਂਦੇ ਨੇ ।8।

## ਕਬਿੱਤ

ਜ਼ੋਰ ਦੀ ਹਨੇਰੀ ਚੱਲੀ ਲੈਗੀ ਚੱਕ ਫੰਬਿਆਂ ਨੂੰ,
ਅੱਡੋ ਅੱਡ ਕਰ ਦਿੱਤੇ ਰੰਗ ਕਰਤਾਰ ਦੇ।
ਸੁਣੇ ਨਾ ਅਵਾਜ਼ ਕੋਈ ਰੋਹੀ ਬੀਆਵਾਨ ਵਿੱਚ,
ਵੀਰਾ ਵੀਰਾ ਆਖ ਕਰ ਵੇਖੋ ਬੋਲ ਮਾਰਦੇ।
ਜਿੱਧਰ ਨੂੰ ਮੁੱਖ ਹੋਇਆ ਓਸੇ ਪਾਸੇ ਚਾਲੇ ਪਾਏ,
ਪੁੱਜ ਗਿਆ ਛੋਟਾ ਭਾਈ ਮਿਸਰ ਸਰਕਾਰ ਦੇ।
ਸੰਤਾਂ ਦੀ ਕੁਟੀਆਂ ‘ਚ ਪੁਜਿਆ ਬਸੰਤ ਭਾਈ,
ਜਾਈਏ ਬਲਿਹਾਰੇ ਭੰਮੇ ਗੁਰੂ ਰਚਨਹਾਰ ਦੇ।

## ਦੋਹਿਰਾ

ਰਾਜਾ ਮਿਸਰ ਦੇਸ ਦਾ,ਛੱਡ ਗਿਆ ਸਰੀਰ,
ਨਿਰਪ ਕਿਸ ਨੂੰ ਥਾਪੀਏ ਗੱਲਾਂ ਕਰਨ ਵਜ਼ੀਰ॥

## ਬੈਂਤ

ਸਾਰੇ ਆਖਦੇ ਇਹ ਵਿਚਾਰ ਕਰਕੇ,ਕਿਸਨੂੰ ਥਾਪੀਏ ਆਪਾਂ ਨਰਪਾਲ ਭਾਈ।
ਵਾਰਸ ਕੋਈ ਨਾ ਰਾਜੇ ਨੇ ਤਹਿ ਕੀਤਾ,ਨਾ ਹੀ ਉਨ੍ਹਾਂ ਦਾ ਕੋਈ ਹੈ ਬਾਲ ਭਾਈ।
ਬਿਨਾਂ ਰਾਜੇ ਦੇ ਕੰਮ ਨਾ ਠੀਕ ਹੋਣੇ,ਹੋਜੂ ਦੇਸ਼ ਦਾ ਮੰਦੜਾ ਹਾਲ ਭਾਈ।
ਆਪੋ ਆਪਣੇ ਦੱਸੋ ਵਿਚਾਰ ਸਾਰੇ,ਆਈ ਬਿੱਪਤ ਨੂੰ ਦੇਈਏ ਟਾਲ ਭਾਈ।
ਮਨ ਦੇ ਵਿੱਚ ਨਾ ਰੱਖਣੀ ਗੱਲ ਕੋਈ ਜੈਸੀ ਆਮ ਦੀ ਦੱਸਣੀ ਚਾਲ ਭਾਈ।
ਆਪੋ ਆਪਣੇ ਦੱਸੇ ਵਿਚਾਰ ਸਭਨੇ ਰਲਗੀ ਸਭ ਦੀ ਸੁਰ ਤੇ ਤਾਲ ਭਾਈ।
ਚਿੱੜੀ ਚੂਕਦੀ ਨਾਲ ਜੋ ਆਏ ਦਰ ਤੇ,ਓਹੀ ਮਰਦ ਸਾਡਾ ਭੂੰਮੀ ਪਾਲ ਭਾਈ।
ਲੱਗੇ ਕਰਨ ਉਡੀਕ ਉਸ ਸੂਰਮੇ ਦੀ,ਕੁੰਡਾ ਖੜਕਾ ਦੇਵੇ ਹੱਥਾਂ ਨਾਲ ਭਾਈ।
ਵੇਖੋ ਕੌਣ ਆਉਂਦਾ ਬਣ ਨਰਪਾਲ ਸਾਡਾ ਲਾਉਂਣਾ ਜਿਸਦੇ ਮੱਥੇ ਗੁਲਾਲ ਭਾਈ
ਦਰਸ਼ਨ ਭੰਮਿਆਂ ਰਾਮ ਦੇ ਰੰਗ ਨਿਆਰੇ ਕਰਦੇ ਬਗਲੇ ਨੂੰ ਵਾਂਗ ਮਰਾਲ ਭਾਈ॥

## ਕਬਿੱਤ

ਡਿੱਕ ਡੋਲੇ ਖਾਂਦਾ ਰੂਪ ਪੁੱਜਿਆ ਸ਼ਹਿਰ ਵਿੱਚ,
ਬੰਦ ਦਰਵਾਜ਼ਾ ਵੇਖ ਮੱਥੇ ਹੱਥ ਮਾਰਦਾ।
ਢਿੱਡੋ ਭੁੱਖਾ ਪਾਣੀ ਬਿਨਾਂ ਡਿੱਗਿਆ ਧੜੱਮ ਕਰ,
ਆਖੇ ਰੱਬਾ ਮੇਰਿਆ ਤੂੰ ਕਹਿਰ ਗੁਜਾਰਾ ਦਾ।
ਮਾਤਾ ਖੋਹੀ ਪਹਿਲਾਂ ਤੁਸੀਂ ਵੀਰ ਵੀ ਵਿਛੋੜ ਦਿੱਤਾ,
ਜਿੰਦ ਕੱਢ ਛੇਤੀ ਮੇਰੀ ਹੋਰ ਕੀ ਵਿਚਾਰ ਦਾ।
ਬੰਦੇ ਨੂੰ ਕੀ ਪਤਾ ਭੰਮੇ ਓਸਦੀ ਨਿਆਰੀ ਖੇਡ,
ਪਲਾਂ ਵਿੱਚ ਮੋਢੀ ਕਰੇ ਹੰਸਾਂ ਦੀ ਡਾਰ ਦਾ॥

## ਕਬਿੱਤ

ਚਿੱੜੀਆਂ ਦੀ ਚੀਂ ਚੀਂ ਸੁਣ ਤੁਸੀਂ ਉਠ ਬੈਠੇ ਰਾਜਾ,
ਪਾਣੀ ਦੀ ਪਿਆਸ ਲੱਗੀ ਕੁੰਡਾ ਖੜਕਾ ਦਿੱਤਾ।
ਪਹਿਰੇਦਾਰਾਂ ਖੋਲ ਦਿੱਤਾ ਗੇਟ ਤਾਂ ਪਲਾਂ ਦੇ ਵਿੱਚ,
ਆਇਆ ਨਰਪਾਲ ਸਾਡਾ ਨਾਲੇ ਰੌਲਾ ਪਾ ਦਿੱਤਾ।
ਸੋਗ ਦਾ ਮਹੌਲ ਜਿਹੜਾ ਆ ਗਿਆ ਖੁਸ਼ੀ ਦੇ ਵਿੱਚ,
ਰਾਗੀਆਂ ਨੇ ਰਾਗ ਕੱਢ ਚਿੱਤ ਪਰਚਾ ਦਿੱਤਾ।
ਧਿਆਕੇ ਸ੍ਰੀ ਰਾਮ ਤਾਂਈ ਆਪਦੇ ਤਿਲਕ ਲਾਇਆ,
ਸ਼ਗਨ ਵਿਚਾਰ ਭੰਮੇ ਤਖਤ ਬੈਠਾ ਦਿੱਤਾ॥

## ਦੋਹਿਰਾ

ਅੱਗੇ ਸੁਣ ਹੁਣ ਰਾਜਿਆ ਵੀਰ ਬਸੰਤ ਦਾ ਹਾਲ,
ਕੈਸੀ ਲੰਘੀ ਓਸਦੀ ਸੁਣੋ ਗੌਰ ਦੇ ਨਾਲ॥

## ਕਬਿੱਤ

ਮੰਗਲ ਨਾਥ ਨੇ ਵੇਖਿਆ ਕੁਟੀਆ ਬਾਹਰ ਇੱਕ,
ਧਰਤੀ ਉਤੇ ਲੇਟਿਆ ਸੁੰਦਰ ਜੁਆਨ ਜੀ,
ਹੌਲੀ ਹੌਲੀ ਕੋਲ ਆਕੇ ਤੱਕਦਾ ਮੁਖਾਰ ਓਹਦਾ,
ਸੂਰਤ ਪਿਆਰੀ ਕੈਸੀ ਧੰਨ ਭਗਵਾਨ ਜੀ।
ਇਥੇ ਕੀ ਕਰਨ ਆਇਆ ਆਉਂਦਾ ਨਾ ਸਮਝ ਵਿੱਚ,
ਸੁੰਨ ਸਾਨ ਚਾਰੇ ਪਾਸੇ ਰੋਹੀ ਬੀਆਬਾਨ ਜੀ।
ਮਾਰਕੇ ਅਵਾਜ਼ ਜਰਾ ਪੁਛੀਏ ਭਗਤ ਤਾਂਈ,
ਕਿਸ ਵਿਧ ਆਕੇ ਭੰਮੇ ਮੱਲਿਆ ਸਥਾਨ ਜੀ॥

## ਦੋਹਿਰਾ

ਮੰਗਲ ਨਾਥ ਜੀ ਆਖਦੇ ਸੁਣ ਚੋਬਰਾ ਗੱਲ,
ਕੀ ਲੈਣ ਦੇ ਵਾਸਤੇ ਆਇਆ ਏਥੇ ਚੱਲ॥

## ਦੋਹਿਰਾ

ਸੁਣੀ ਅਵਾਜ ਸੀ ਨਾਥ ਦੀ ਉਠਿਆ ਝੱਟ ਬਸੰਤ,
ਚਰਨਾਂ ਦੇ ਵਿੱਚ ਡਿੱਗਿਆ ਵੇਖਕੇ ਨਾਥ ਤੁਰੰਤ॥

## ਦਵੈਯਾ ਛੰਦ

ਉਠ ਬਸੰਤ ਨੇ ਨਾਥ ਦੇ ਅੱਗੇ ਐਸੇ ਅਰਜ਼ ਗੁਜਾਰੀ,
ਹੱਥ ਜੋੜਕੇ ਚਰਨਾਂ ਦੇ ਵਿੱਚ ਬਹਿਕੇ ਗੱਲ ਉਚਾਰੀ,
ਖੜਗਸੈਨ ਦਾ ਪੁੱਤਰ ਨਾਥਾ ਬਸੰਤ ਨਾਮ ਤੂੰ ਜਾਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ।1।

ਸੰਗਲਦੀਪ ਦਾ ਰਾਜਾ ਜੇਹੜਾ ਮੇਰਾ ਬਾਪ ਪਿਆਰਾ,
ਆਸ ਪਾਸ ਦੇ ਕੌਰਾਂ ਨਾਲੋਂ ਉਸਦਾ ਰਾਜ ਨਿਆਰਾ,
ਰੂਪਾਵਤੀ ਮਾਤਾ ਮੇਰੀ ਜੋ ਸੀ ਉਸਦੀ ਰਾਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ ।2।

ਮਾਤਾ ਪੁੱਜੀ ਓਸ ਜਗ੍ਹਾ ਤੇ ਜਿਥੋਂ ਕੋਈ ਨਾ ਆਵੇ,
ਰੋ ਰੋ ਸਾਡਾ ਹਾਲ ਵਿਗੜਿਆ ਕੋਈ ਨਾ ਚੁੱਪ ਕਰਾਵੇ,
ਛੋਟਾ ਵੀਰਾ ਰੂਪ ਬਾਬਾ ਜੀ ਮੈਥੋਂ ਉਮਰ ਨਿਆਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ।3।

ਬਾਪ ਮੇਰੇ ਨੇ ਦੂਜੀ ਵਾਰੀ ਸ਼ਾਦੀ ਫੇਰ ਰਚਾਲੀ,
ਉਮਰ ਨਿਆਣੀ ਸੁੰਦਰ ਲੜਕੀ ਰਾਣੀ ਝੱਟ ਬਣਾਲੀ,
ਚੰਦਰਾਵਤੀ ਹੈ ਨਾਮ ਓਸਦਾ ਹੈ ਨੀ ਨਾਥਾ ਸਿਆਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ।4।

ਖੁੱਦੋ ਖੂੰਡੀ ਖੇਡਣ ਆਏ ਮੈਂ ਤੇ ਸਾਥੀ ਮੇਰੇ,
ਰੂਪ ਨੇ ਮਾਰਿਆ ਜੋਰ ਦਾ ਟੋਲਾ ਖੁੱਦੋ ਚੜੀ ਬਨੇਰੇ,
ਮਹਿਲਾਂ ਦੇ ਵਿੱਚ ਜਾਕੇ ਡਿੱਗੀ ਫਿਰ ਉਲਝਗੀ ਤਾਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ।5।

ਖੁੱਦੋ ਲੈਣ ਦੀ ਖਾਤਰ ਨਾਥਾ ਮੈਂ ਮਹਿਲਾਂ ਵਿੱਚ ਵੜਿਆ,
ਮੈਨੂੰ ਵੇਖਕੇ ਝੱਟ ਰਾਣੀ ਨੇ ਅੰਦਰੋਂ ਬੂਹਾ ਜੜਿਆ,
ਬਾਪੂ ਤੇਰਾ ਬੁੱਢਾ ਮੁੰਡਿਆ ਤੂੰ ਹੈਂ ਮੇਰਾ ਹਾਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ।6।

ਆਪਣਾ ਧਰਮ ਬਚਾਵਣ ਖਾਤਰ ਛਾਲ ਮਹਿਲ ਤੋਂ ਮਾਰੀ,
ਰਾਜੇ ਅੱਗੇ ਪੁੱਠੀ ਕਰਤੀ ਸੱਚੀ ਬਾਤ ਹਮਾਰੀ,
ਕਹਿੰਦੀ ਰਾਜਾ ਸੁਤ ਤੇਰੇ ਨੇ ਸ਼ੇਜ ਤੁਮਾਰੀ ਮਾਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ ।7।

ਝੂਠੀ ਸੱਚੀ ਲੱਗਦੀ ਨਰ ਨੂੰ ਜੋ ਬੋਲਦੀ ਨਾਰੀ,
ਸ਼ਜਾ ਮੌਤ ਦੀ ਦੇ ਤੀ ਮੈਨੂੰ ਨਾ ਰਾਜੇ ਗੱਲ ਵਿਚਾਰੀ,
ਬਿੱਪਰ ਵਜ਼ੀਰਾਂ ਰੌਲਾ ਪਾਇਆ ਅਸੀਂ ਨਾ ਫਾਂਸੀ ਲਾਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ।8।

ਸਜਾ ਮੌਤ ਦੀ ਬਦਲ ਕੇ ਨਾਥਾ ਦਿੱਤਾ ਦੇਸ਼ ਨਿਕਾਲਾ,
ਰੂਪ ਵੀ ਮੇਰੇ ਨਾਲ ਆ ਗਿਆ ਚੰਗੇ ਕਰਮਾਂ ਵਾਲਾ,
ਆਖੇ ਵੀਰਾ ਔਖੀ ਹੁੰਦੀ ਕੱਲਿਆ ਰਾਤ ਲੰਘਾਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ ।9।

ਵਿੱਚ ਵਣੀ ਦੇ ਆ ਗਏ ਨਾਥਾ ਮੈਂ ਤੇ ਰੂਪ ਵਿਚਾਰਾ,
ਕੁਦਰਤ ਫੇਰ ਕਰੋਪ ਹੋ ਗਈ ਝੱਖੜ ਆਇਆ ਭਾਰਾ,
ਵਿਛੜੇ ਅਸੀਂ ਭਰਾਤਾ ਦੋਵੇਂ ਜਿਓ ਨਦੀਆਂ ਦਾ ਪਾਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ ।10।

ਰੂਪ ਪਤਾ ਨੀ ਕਿੱਥੇ ਹੋਣੈ ਭੰਮੇ ਸ਼ਰਨ ਤੁਮਾਰੀ,
ਮਾਤ ਪਿਤਾ ਹੁਣ ਤੁਸੀਂ ਹੋ ਮੇਰੇ ਥੋਡੇ ਵਿੱਚ ਮੁਰਾਰੀ,
ਰੱਖੋ ਚਾਹੇ ਧੱਕੋ ਮੈਨੂੰ ਤੁਸੀਂ ਹੈ ਜਿੰਦ ਬਚਾਣੀ,
ਬਾਬਾ ਜੀ ਮੈਂ ਸੱਚ ਬੋਲਦਾ ਸੁਣਲੋ ਦਰਦ ਕਹਾਣੀ ।11।

## ਦੋਹਿਰਾ

ਸੁਣਕੇ ਐਨੀ ਵਾਰਤਾ ਨਾਥ ਉਠਾਇਆ ਬਸੰਤ,
ਰੱਖਣ ਵਾਲਾ ਬਲੀ ਹੈ ਧੰਨ ਆਖੋ ਭਗਵੰਤ॥

## ਬੈਂਤ

ਮੰਗਲ ਨਾਥ ਕਹਿੰਦੇ ਮਾਤਾ ਧੰਨ ਤੇਰੀ ਚੁੰਘਿਆ ਜਿਸਦਾ ਤੁਸਾਂ ਨੇ ਸੀਰ ਬੱਚਾ।
ਮੌਜ਼ਾਂ ਮਾਣ ਤੂੰ ਬੈਠਕੇ ਕੋਲ ਮੇਰੇ ਐਵੇ ਹੋ ਨਾ ਦਿਲੋਂ ਦਿਲਗੀਰ ਬੱਚਾ।
ਧਰਮ ਵਾਸਤੇ ਦੁੱਖੜੇ ਜ਼ਰਨ ਜਿਹੜੇ ਅਸਲੀ ਹੋਂਵਦੇ ਉਹੀ ਬਲਵੀਰ ਬੱਚਾ।
ਪੰਜ ਮਾਰਨੇ ਕੰਮ ਹੈ ਬਹੁਤ ਔਖਾ ਪੰਜਾਂ ਬਾਝ ਨਾ ਰਹੇ ਸਰੀਰ ਬੱਚਾ।
ਚੇਲੇ ਸੁਤ ਦੇ ਵਿੱਚ ਨਾ ਫਰਕ ਕੋਈ ਓਹੀ ਪਾਣੀ ਤੇ ਓਹੀ ਹੈ ਨੀਰ ਬੱਚਾ।
ਪੂਰਬ ਲਿਖਿਆ ਹੋਂਵਦਾ ਮੇਲ ਐਥੇ ਵੱਸ ਕਿਸੇ ਨਾ ਖੇਲ ਤਕਦੀਰ ਬੱਚਾ।
ਪਿਛਲੀ ਹੋਈ ਨੂੰ ਦਿਲ ਤੋਂ ਦੂਰ ਕਰਦੇ ਮਾਣ ਖੁਸ਼ੀਆਂ ਮੰਨ ਨਜ਼ੀਰ ਬੱਚਾ।
ਸੰਜਮ ਸ਼ਾਂਤੀ ਹੋਂਵਦੇ ਕੋਲ ਜਿਸਦੇ ਜਾਣ ਓਸਨੂੰ ਅਸਲ ਵਜ਼ੀਰ ਬੱਚਾ।
ਅਸੀਂ ਵਾਚਿਆ ਤੂੰ ਹੈ ਸ਼ੁਧ ਗਹਿਣਾ ਮਾਰ ਵੇਖਿਆ ਅਸਾਂ ਨੇ ਤੀਰ ਬੱਚਾ।
ਕ੍ਰਿਪਾ ਰਾਮ ਦੀ ਹੋਣਗੇ ਮੇਲ ਤੇਰੇ ਵਿਛੜਿਆ ਮਿਲੂਗਾ ਆਪਦਾ ਵੀਰ ਬੱਚਾ।
ਰਾਮ ਰਾਮ ਦਾ ਜਾਪ ਤੂੰ ਕਰ ਭੰਮੇ ਗੁਰੂ ਪਿਤਾ ਤੇ ਸਭ ਦਾ ਪੀਰ ਬੱਚਾ॥

## ਦੋਹਿਰਾ

ਸੰਤ ਰੂਪ ਭਗਵਾਨ ਦਾ ਦੱਸਦੇ ਚਾਰੇ ਵੇਦ,
ਇੱਕੋ ਨਜ਼ਰ ਸੇ ਵੇਖ ਦੇ ਨਹੀਂ ਰੱਖਦੇ ਭੇਦ।

## ਬੈਂਤ

ਸੰਤ ਰੂਪ ਭਗਵਾਨ ਦਾ ਵੇਦ ਕਹਿੰਦੇ ਲੀਲਾ ਸੰਤਾਂ ਦੀ ਅਪਰ ਅਪਾਰ ਬੇਲੀ।
ਕ੍ਰਿਪਾ ਸੰਤ ਦੀ ਨੀਚ ਤੋਂ ਊਚ ਕਰਦੇ ਪਿੰਗਲਾ ਟੱਪ ਜੇ ਥਲਾਂ ਤੋਂ ਪਾਰ ਬੇਲੀ।
ਸੰਤ ਆਖਣਾ ਕਿਸੇ ਨੂੰ ਬਹੁਤ ਸੌਖਾ ਸੰਤ ਹੋਂਵਨਾ ਖੰਡੇ ਦੀ ਧਾਰ ਬੇਲੀ।
ਜਟਾਂ ਰੱਖਕੇ ਸੰਤ ਅਖਵਾਉਣ ਵਾਲੇ ਹੋਣ ਸੰਤ ਨਾਂ ਸੰਤ ਸੇਵਦਾਰ ਬੇਲੀ।
ਮਾਲਕ ਸੰਤ ਨੇ ਮਾਲ ਖਜਾਨਿਆਂ ਦੇ ਦਮੜੇ ਚਾਰ ਕੀ ਲਾਉਣਗੇ ਪਾਰ ਬੇਲੀ।
ਸੰਤ ਬੋਲਦੇ ਖਾਂਵਦੇ ਬਹੁਤ ਥੋੜਾ ਹੋਂਵਣ ਨਿਆਮਤਾ ਲੱਖ ਹਜਾਰ ਬੇਲੀ।
ਟਿੱਬਾ ਰੇਤ ਦਾ ਬਾਗ ਦੇ ਵਾਂਗ ਹੋਜੇ ਸੰਤ ਬੈਠ ਜੇ ਆਸਣ ਕੋ ਧਾਰ ਬੇਲੀ।
ਸੁੱਕੇ ਬ੍ਰਿਛ ਨੂੰ ਫਲਾਂ ਦਾ ਜ਼ੋਰ ਹੋਜੇ ਨਜ਼ਰ ਸੰਤ ਜੇ ਜਾਵਣ ਮਾਰ ਬੇਲੀ।
ਭਾਗਾਂ ਨਾਲ ਜੇ ਸੰਤ ਦਾ ਸੰਗ ਹੋਜੇ ਜੀਵ ਟੱਪਜੇ ਸਾਗਰੋਂ ਪਾਰ ਬੇਲੀ।
ਮਹਿਮਾਂ ਸੰਤਾਂ ਦੀ ਵੇਦ ਨਾ ਜਾਣ ਸਕਦੇ ਕਿਣਕਾ ਆਉਂਦੀ ਸੀ ਦਿੱਤੀ ਉਚਾਰ ਬੇਲੀ।
ਭੰਮੇ ਵਾਲਿਆ ਸੰਤਾਂ ਦੀ ਭਾਲ ਕਰਲੈ ਛੱਡ ਜਾਵੇਗਾ ਰੰਗ ਸੰਸਾਰ ਬੇਲੀ॥

## ਕਬਿੱਤ

ਨਾਥ ਨੇ ਬਸੰਤ ਤਾਂਈ ਮੰਨ ਕੇ ਧਰਮ ਪੁੱਤ,
ਕੁਟੀਆ ਦਾ ਸਾਂਭ ਦਿੱਤਾ ਸਾਰਾ ਕੰਮ ਕਾਜ਼ ਜੀ।
ਦਿਨ ਆਵੇ ਰਾਤ ਜਾਵੇ ਰਾਤ ਆਵੇ ਦਿਨ ਜਾਵੇ,
ਤੀਆਂ ਵਾਂਗੂ ਦਿਨ ਲੰਘੇ ਚੰਗੇ ਵਜੇ ਸਾਜ ਜੀ।
ਸ਼ਰਧਾ ਦੇ ਨਾਲ ਸੇਵਾ ਕਰਦਾ ਬਸੰਤ ਰਾਜਾ,
ਸਾਧੂਆਂ ਦਾ ਸੰਗ ਮਿਲੇ ਹੁੰਦਾ ਸਿਰ ਤਾਜ ਜੀ।
ਬੀਤਗੇ ਵਰਸ ਬਾਰਾਂ ਪੂਰੇ ਨੂੰ ਪੂਰਨ ਕੋਲੇ,
ਜੀਵਨ ਜਿਉਂਣ ਵਾਲੇ ਸਿੱਖੇ ਭੰਮੇ ਰਾਜ ਜੀ॥

## ਦੋਹਿਰਾ

ਨਾਥ ਕਹੇ ਬਸੰਤ ਨੂੰ ਸੁਣੋ ਬੇਟਾ ਜੀ ਗੱਲ,
ਫੁੱਲ ਲਿਆਵੋ ਬਾਗ 'ਚੋਂ ਛੇਤੀ ਜਾਵੋ ਚੱਲ।

## ਦੋਹਿਰਾ

ਬ੍ਰਹਮਾਂ ਨੰਦ ਗੁਰਾਂ ਨੂੰ ਕਰੀਏ ਯਾਦ ਹਮੇਸ਼,
ਭੇਟਾ ਦੇਣੀ ਫੁਲਾਂ ਦੀ ਕੱਲ ਦਾ ਦਿਨ ਵਿਸ਼ੇਸ਼॥

## ਦੋਹਿਰਾ

ਮੰਨਕੇ ਹੁਕਮ ਗੁਰਾਂ ਦਾ ਹੋਇਆ ਬਸੰਤ ਰਵਾਨ,
ਪੁਸ਼ਪ ਆਨਾਰੀ ਲੱਭਦਾ ਵੇਖੋ ਰੰਗ ਭਗਵਾਨ॥

## ਚਟਪਟਾ ਛੰਦ

ਹੁਕਮ ਗੁਰਾਂ ਦਾ ਮੰਨਕੇ ਉਹਨੇ ਪਾਏ ਚਾਲੇ
ਲਾਜ਼ ਹਮਾਰੀ ਰੱਖਣੀ ਤੁਸੀਂ ਮੁਰਲੀ ਵਾਲੇ,
ਵਿੱਚ ਬਣੀ ਦੇ ਲੱਭਦਾ ਉਹ ਪੁਸ਼ਪ ਆਨਾਰੀ
ਫੁੱਲ ਫੁੱਲਾਂ ਨੂੰ ਭਾਲਦਾ ਤੇਰੀ ਖੇਡ ਨਿਆਰੀ ।1।

ਨਜ਼ਰ ਦੌੜਾਕੇ ਵੇਖਦਾ ਸੀ ਚਾਰੇ ਪਾਸੇ,
ਪੈਣ ਭਲੇਖੇ ਫੁੱਲਦੇ ਉਸ ਪਾਸੇ ਨਾਸੇ,
ਕੋਲੇ ਜਾਕਰ ਵੇਖਦਾ ਨਾ ਗੰਧ ਪਿਆਰੀ,
ਫੁੱਲ ਫੁੱਲਾਂ ਨੂੰ ਭਾਲਦਾ ਤੇਰੀ ਖੇਡ ਨਿਆਰੀ ।2।

ਭੌਰਿਆਂ ਤਾਂਈ ਪੁੱਛਦਾ ਦੱਸੋ ਫੁੱਲਵਾੜੀ,
ਥੋਨੂੰ ਪੂਰਾ ਗਿਆਨ ਹੈ ਥੋਡੇ ਫੁੱਲ ਆੜੀ,
ਬਾਗਾਂ ਦੇ ਵਿੱਚ ਹੋਂਵਦੀ ਥੋਡੀ ਸਰਦਾਰੀ,
ਫੁੱਲ ਫੁੱਲਾਂ ਨੂੰ ਭਾਲਦਾ ਤੇਰੀ ਖੇਡ ਨਿਆਰੀ ।3।

ਤਿੱਤਲੀ ਪਿਛੇ ਦੌੜਦਾ ਨਾਲੇ ਹਾਕਾਂ ਮਾਰੇ,
ਪਰੀਏ ਰੰਗ ਬਰੰਗੀਏ ਤੇਰੇ ਫੱਲ ਨੇ ਸਾਰੇ,
ਪਤਾ ਬਤਾਦੇ ਦਾਸ ਨੂੰ ਕਿੱਥੇ ਹੈ ਕਿਆਰੀ,
ਫੁੱਲ ਫੁੱਲਾਂ ਨੂੰ ਭਾਲਦਾ ਤੇਰੀ ਖੇਡ ਨਿਆਰੀ ।4।

ਤੋਤਿਆਂ ਅੱਗੇ ਰਾਜਿਆ ਉਹ ਅਰਜ਼ ਗੁਜਾਰੇ,
ਭਾਂਤ ਭਾਂਤ ਦੇ ਫਲਾਂ ਨੂੰ ਖਾ ਲਵੋ ਨਜ਼ਾਰੇ,
ਕਿਹੜੇ ਬਾਗੀ ਫੁੱਲ ਨੇ ਦੱਸੋ ਸੂਚੀ ਸਾਰੀ,
ਫੁੱਲ ਫੁੱਲਾਂ ਨੂੰ ਭਾਲਦਾ ਤੇਰੀ ਖੇਡ ਨਿਆਰੀ ।5।

ਲੱਭਦਾ ਲੱਭਦਾ ਭੁੱਲਿਆ ਜਾਣੇ ਦੀ ਡੰਡੀ,
ਆਣ ਪਹੁੰਚਿਆ ਰਾਜਿਆ ਉਹ ਆਪਣੀ ਮੰਡੀ,
ਵਿੱਚ ਬਾਗ ਦੇ ਓਸਨੇ ਹੈ ਰਾਤ ਗੁਜਾਰੀ,
ਫੁੱਲ ਫੁੱਲਾਂ ਨੂੰ ਭਾਲਦਾ ਤੇਰੀ ਖੇਡ ਨਿਆਰੀ ।6।

ਮਾਲਣ ਤੱਕਕੇ ਓਸਨੂੰ ਸੀ ਸ਼ੋਰ ਮਚਾਇਆ,
ਵਿੱਚ ਜਨਾਨੇ ਬਾਗ ਦੇ ਇੱਕ ਮੁੰਡਾ ਆਇਆ,
ਚੋਬਦਾਰ ਨੇ ਪਕੜਕੇ ਫਿਰ ਭੁਗਤ ਸਵਾਰੀ,
ਫੁੱਲ ਫੁੱਲਾਂ ਨੂੰ ਭਾਲਦਾ ਤੇਰੀ ਖੇਡ ਨਿਆਰੀ ।7।

ਭੱਜਕੇ ਉਸਨੇ ਨਿਰਪ ਜੀ ਹੈ ਜਾਨ ਬਚਾਈ,
ਘਰ ਹਮਾਰੇ ਰਾਜਨਾ ਬੈਠਾ ਤੇਰਾ ਭਾਈ,
ਝੂਠ ਰੱਤੀ ਨਾ ਮੰਨਣੀ ਸੱਚੀ ਬਾਤ ਹਮਾਰੀ,
ਫੁੱਲ ਫੁੱਲਾਂ ਨੂੰ ਭਾਲਦਾ ਤੇਰੀ ਖੇਡ ਨਿਆਰੀ ।8।

ਜੇ ਤੂੰ ਮਿਲਣਾ ਭੰਮਿਆਂ ਦੇ ਦੇ ਬਸਤਰ ਸ਼ਾਹੀ,
ਮੈਂ ਮਿਲਾਦੂੰ ਆਪ ਨੂੰ ਕੱਲ ਸੱਚ ਸਿਪਾਹੀ,
ਰਮਣ ਰੇਵਤੀ ਗੁਰਾਂ ਦੀ ਸਭਨਾਂ ਸੰਗ ਯਾਰੀ,
ਫੁੱਲ ਫੁੱਲਾਂ ਨੂੰ ਭਾਲਦਾ ਤੇਰੀ ਖੇਡ ਨਿਆਰੀ ।9।

## ਦੋਹਿਰਾ

ਰਾਜੇ ਆਖੇ ਮਾਲਣੇ ਸ਼ੁਭ ਸਣਾਈ ਗੱਲ,
ਸ਼ਾਹੀ ਬਸਤਰ ਚੱਕ ਲੈ ਵੀਰ ਲਿਆਉਂਣਾ ਕੱਲ॥

## ਮੰਨੋਹਰ ਭਵਾਨੀ ਛੰਦ

ਰਾਜਾ ਹੁਕਮ ਸਣਾਵੇ,ਕੋਲ ਮੰਤਰੀ ਬਠਾਵੇ,
ਬਾਤ ਪ੍ਰੇਮ ਸੇ ਬਤਾਵੇ,ਸੁਣਲੋ ਨਜ਼ੀਰ ਜੀ,
ਮਾਲਣ ਦੇ ਘਰ ਹੈ ਹਮਾਰਾ ਵੀਰ ਜੀ।

ਸ਼ਾਹੀ ਵਰਦੀ ਲਿਆਵੋ,ਦੇਰੀ ਪਲ ਦੀ ਨਾ ਲਾਵੋ,
ਸੰਗ ਮਾਲਣ ਦੇ ਜਾਵੋ,ਘਰੇ ਛੱਡ ਆਵਣਾ,
ਵੀਰੇ ਦਾ ਮਿਲਾਪ ਕੱਲ ਹੋ ਜਾਵਣਾ॥1॥

ਬੜੀ ਚੰਗੀ ਘੜੀ ਆਈ,ਰਾਮ ਹੋ ਗਿਆ ਸਹਾਈ,
ਮਿਲੂ ਭਾਈ ਸੰਗ ਭਾਈ,ਬੜੇ ਚਿਰਾਂ ਬਾਦ ਜੀ,
ਔਖੇ ਵੇਲੇ ਆਂਵਦੇ ਮੁਰਾਰੀ ਯਾਦ ਜੀ।

ਰੰਗ ਓਸਦੇ ਨਿਆਰੇ,ਚੰਦ ਸੂਰਜ ਸਿਤਾਰੇ,
ਸਭ ਓਸਦੇ ਸਹਾਰੇ, ਉਹਦਾ ਦਿੱਤਾ ਖਾਵਣਾ,
ਵੀਰੇ ਦਾ ਮਿਲਾਪ ਕੱਲ ਹੋ ਜਾਵਣਾ॥2॥

ਹੋਣੀ ਠੰਡੀ ਤੱਤੀ ਅੱਗ,ਗਲੇ ਵੀਰਨੇ ਦੇ ਲੱਗ,
ਖੁਸ਼ੀ ਦੌੜੂ ਰਗ ਰਗ,ਹੋਜੂ ਸੀਨਾ ਸੀਤ ਜੀ,
ਦੁੱਖੜੇ ਵਥੇਰੇ ਹੁੰਦੇ ਬਿਨਾਂ ਮੀਤ ਜੀ।

ਹੁੰਦੀ ਪੂਰੀ ਅਰਦਾਸ,ਕੀਤੀ ਗੁਰੂਆਂ ਦੇ ਪਾਸ,
ਹੁੰਦੇ ਸਾਰੇ ਕਾਜ਼ ਰਾਸ, ਸਭ ਨੂੰ ਬਤਾਵਣਾਂ,
ਵੀਰੇ ਦਾ ਮਿਲਾਣ ਕੱਲ ਹੋ ਜਾਵਣਾ॥3॥

ਸੁਣੋ ਬਾਤ ਹਮਾਰੀ, ਜਾਕੇ ਕਰਲੋ ਤਿਆਰੀ,
ਸਾਰੇ ਨਰ ਨਾਲੇ ਨਾਰੀ,ਖੇਡਾਂਗੇ ਗੁਲਾਲ ਜੀ,
ਹੋਣਗੇ ਬਸੰਤ ਵੀਰ ਸਾਡੇ ਨਾਲ ਜੀ।

ਸੱਦੋ ਢੋਲਚੀ ਪਿਆਰੇ,ਆਉਣ ਚੱਕਕੇ ਦੋਤਾਰੇ,
ਉਚੀ ਹੇਕਾਂ ਲਾਉਣ ਸਾਰੇ,ਭੰਮੇ ਛੰਦ ਗਾਵਣਾਂ,
ਵੀਰੇ ਦਾ ਮਿਲਾਣ ਕੱਲ ਹੋ ਜਾਵਣਾ॥4॥

## ਕਬਿੱਤ

ਚੜਕੇ ਤਰੰਗ ਉਤੇ ਆ ਗਿਆ ਬਸੰਤ ਭਾਈ,
ਖੁਸ਼ੀ ਪੂਰੀ ਆਈ ਲੱਗੇ, ਵਿੱਚ ਦਰਬਾਰ ਦੇ।
ਨੱਚਦੇ ਨਚਾਰ ਪੂਰਾ ਪੈਰੀ ਪਾਕੇ ਝਾਂਜ਼ਰਾਂ ਨੂੰ,
ਕੱਢਦੇ ਨੇ ਬੋਲ ਮਿੱਠੇ ਤੂੰਬੀ ਵਾਲੀ ਤਾਰ ਦੇ।
ਅਤਰ ਫਲੇਲ ਸੁਟੇ ਸਭਨਾਂ ਨੇ ਦੂਜਿਆਂ ਤੇ,
ਆਏ ਨੇ ਭਰਾਤਾ ਅੱਜ ਮਿਸਰ ਸਰਕਾਰ ਦੇ।
ਜੋੜ ਦੇਣਾ ਤੋੜ ਦੇਣ,ਕਿਸੇ ਦੇ ਨਾ ਵੱਸ ਭੰਮੇ,
ਦੱਸਦੇ ਹਮਾਰੇ ਗੁਰੂ, ਵੱਸ ਕਰਤਾਰ ਦੇ॥

## ਦੋਹਿਰਾ

ਰੂਪ ਵੇਖ ਬਸੰਤ ਨੂੰ ਭੱਜਿਆ ਉਸਦੇ ਵੱਲ,
ਘੁਟਕੇ ਸੀਨੇ ਲਾਂਵਦਾ ਨੈਣੋਂ ਆਵੇ ਜੱਲ॥

## ਦੋਤਾਰਾ ਛੰਦ

ਢੋਲ ਵਾਜੇ ਵੱਜੇ ਜੀ ਜਦੋਂ ਸੀ ਸ਼ਹਿਰ ਬਸੰਤਾ ਆਇਆ,
ਹੱਥ ਜੋੜ ਰੂਪ ਨੇ ਜੀ ਰਾਮ ਦਾ ਲੱਖ ਲੱਖ ਸ਼ੁਕਰ ਮਨਾਇਆ,
ਘੁੱਟ ਛਾਤੀ ਲਾਉਂਦਾ ਹੈ ਖੁਸ਼ੀ ਵਿੱਚ ਮੰਜਨੂੰ ਵਾਂਗੂ ਫਿਰਦਾ,
ਗਲੇ ਲਾਕੇ ਵੀਰਨ ਨੂੰ ਤੱਪਦਾ ਸੀਤ ਹੋ ਗਿਆ ਹਿਰਦਾ॥1॥

ਤੱਕ ਸੀਨ ਅਨੌਖੇ ਨੂੰ ਹੋਏ ਦੰਗ ਨੇ ਨਰ ਤੇ ਨਾਰੀ,
ਨੈਣਾਂ ਵਿੱਚ ਅੱਥਰੂ ਨੇ ਖੁਸ਼ੀ ਨਾ ਜਾਂਦੀ ਵੀਰ ਸਹਾਰੀ,
ਬਿਨ ਸਾਂਝੀ ਸੀਰਾਂ ਦੇ ਬੰਦਾ ਰਹੇ ਜਮੀਂ ਤੇ ਗਿਰਦਾ,
ਗਲੇ ਲਾਕੇ ਵੀਰਨ ਨੂੰ ਤੱਪਦਾ ਸੀਤ ਹੋ ਗਿਆ ਹਿਰਦਾ॥2॥

ਬਿਨ ਤੇਰੇ ਵੀਰਾ ਮੈਂ ਝੱਲਿਆ ਦੁੱਖ ਵਿਛੋੜੇ ਵਾਲਾ,
ਅੰਨ ਪਾਣੀ ਭਾਵੇ ਨਾ ਸਿਹਤ ਦਾ ਪੂਰਾ ਵਿਗੜਿਆ ਚਾਲਾ,
ਤੇਰੀ ਯਾਦ ਸਤਾਉਂਦੀ ਸੀ ਅੱਖਾਂ 'ਚੋਂ ਹਰਦਮ ਪਾਣੀ ਕਿਰਦਾ,
ਗਲੇ ਲਾਕੇ ਵੀਰਨ ਨੂੰ ਤੱਪਦਾ ਸੀਤ ਹੋ ਗਿਆ ਹਿਰਦਾ॥3॥

ਹੱਥ ਜੋੜੇ ਕਾਂਵਾਂ ਨੂੰ ਲੈ ਜੋ ਇੱਕ ਸਨੇਹਾ ਮੇਰਾ,
ਪਤਾ ਲਾਵੋਂ ਵੀਰੇ ਦਾ ਭਰਦੂੰ ਚੂਰੀਆਂ ਨਾਲ ਬਨੇਰਾ,
ਕੱਠੇ ਖਾਂਦੇ ਸੌਂਦੇਂ ਸੀ ਸੰਗ ਨਾ ਹੋਇਆ ਬਹੁਤੇ ਚਿਰਦਾ,
ਗਲੇ ਲਾਕੇ ਵੀਰਨ ਨੂੰ ਤੱਪਦਾ ਸੀਤ ਹੋ ਗਿਆ ਹਿਰਦਾ॥4॥

ਟੇਵੇ ਲਾਏ ਬਿੱਪਰਾਂ ਨੇ ਰਾਜਾ ਵੀਰ ਮਿਲੂਗਾ ਆਕੇ,
ਕਰ ਯਾਦ ਮੁਰਾਰੀ ਨੂੰ ਚਿੱਤ ਨੂੰ ਰੱਖੀਏ ਸਦਾ ਟਿਕਾਕੇ,
ਮਨ ਚੰਚਲ ਹੁੰਦਾ ਹੈ ਹਰਦਮ ਸੋਚਾਂ ਦੇ ਵਿੱਚ ਘਿਰਦਾ,
ਗਲੇ ਲਾਕੇ ਵੀਰਨ ਨੂੰ ਤੱਪਦਾ ਸੀਤ ਹੋ ਗਿਆ ਹਿਰਦਾ॥5॥

ਖੋਜ਼ੀ ਬੰਦੇ ਜਿਹੜੇ ਜੀ ਉਹ ਵੀ ਭੇਜੇ ਚਾਰ ਚੁਫੇਰੇ,
ਪਰ ਖਾਲੀ ਮੁੜ ਆਏ ਲੱਭ ਨਾ ਤੇਰੇ ਰਹਿਣ ਵਸੇਰੇ,
ਬਿਨ ਸਕਿਆਂ ਵੀਰਾਂ ਦੇ ਆਸਰਾ ਨਹੀਂ ਕਿਸੇ ਵੀ ਧਿਰਦਾ,
ਗਲੇ ਲਾਕੇ ਵੀਰਨ ਨੂੰ ਤੱਪਦਾ ਸੀਤ ਹੋ ਗਿਆ ਹਿਰਦਾ॥6॥

ਕੀਤੀ ਅਰਜ਼ ਬਰੋਲੇ ਨੂੰ ਤੁਸੀਂ ਵਿਛੋੜੇ ਤੁਸੀਂ ਹੁਣ ਮੇਲੋ,
ਕਿਤੋਂ ਲੱਭ ਵੀਰਨੇ ਨੂੰ ਕੌਡੀ ਕੱਢ ਵਿਖਾਓ ਤੇਲੋ,
ਥੋਡੀ ਤਾਕਤ ਅੱਗੇ ਜੀ ਚਰਨੀ ਧਰੀਏ ਕੱਪੜਾ ਸਿਰਦਾ,
ਗਲੇ ਲਾਕੇ ਵੀਰਨ ਨੂੰ ਤੱਪਦਾ ਸੀਤ ਹੋ ਗਿਆ ਹਿਰਦਾ॥7॥

ਪਾ ਗੱਲਵਕੜੀ ਦੋਵਾਂ ਨੇ ਚੁੰਮਿਆ ਇੱਕ ਦੂਜੇ ਦਾ ਮੁੱਖੜਾ,
ਭਾਈ ਸੰਗ ਭਾਈ ਮਿਲੇ ਰਹਿੰਦਾ ਨਹੀਂ ਭੰਮਿਆਂ ਦੁੱਖੜਾ,
ਨਾ ਪੈਣ ਵਿਛੋੜੇ ਜੀ ਮਨ ਨਾ ਮਿਲਿਆ ਬਾਝੋਂ ਵਿਰਦਾ,
ਗਲੇ ਲਾਕੇ ਵੀਰਨ ਨੂੰ ਤੱਪਦਾ ਸੀਤ ਹੋ ਗਿਆ ਹਿਰਦਾ॥8॥

## ਕਬਿੱਤ

ਧੰਨਵਾਦ ਕਰ ਤੋਰੀ ਮਾਲਣ ਇਨਾਮ ਦੇਕੇ,
ਖੁਸ਼ੀ ਵਿੱਚ ਰਾਜਾ ਕਹੇ ਦੱਸ ਹੋਰ ਮੰਗ ਜੀ।
ਮੱਦਦ ਵਧੇਰੀ ਕੀਤੀ ਤੁਸੀਂ ਮੇਰੇ ਵੀਰਨੇ ਦੀ,
ਵੀਰੇ ਦੇ ਸਮਾਨ ਰੱਖ ਟੱਬਰ ਦੇ ਸੰਗ ਜੀ।
ਜਦੋ ਹੋਵੇ ਲੋੜ ਕੋਈ ਸੰਗਣਾ ਨਾ ਮੂਲ ਤੁਸੀਂ,
ਆਉਂਣਾ ਦਰਬਾਰ ਵਿੱਚ ਹੋਣਾ ਨਹੀਂ ਤੰਗ ਜੀ।
ਗੁਣ ਕੀਤਾ ਭੁੱਲ ਜਾਣਾ ਇਹੇ ਨਹੀਂ ਰੀਤ ਸਾਡੀ,
ਰੱਖਦੇ ਹਾਂ ਯਾਦ ਭੰਮੇ ਚੰਗੇ ਮਾੜੇ ਰੰਗ ਜੀ।

## ਦੋਹਿਰਾ

ਮਾਲਣ ਲੈ ਇਨਾਮ ਕੋ ਘਰ ਨੂੰ ਹੋਈ ਰਵਾਨ,
ਆਖੇ ਖੁਸ਼ ਰੱਖੇ ਰਾਜਿਆ ਤੈਨੂੰ ਸ਼੍ਰੀ ਭਗਵਾਨ।

## ਦੋਹਿਰਾ

ਰੂਪ ਆਖੇ ਬਸੰਤ ਨੂੰ ਬੈਠ ਵੀਰ ਜੀ ਕੋਲ,
ਕੈਸੇ ਗੁਜਰੀ ਆਪਦੀ ਦੱਸ ਜ਼ਰਾ ਤੂੰ ਖੋਲ॥

## ਮਕੰਦ ਛੰਦ

ਆਖਦਾ ਬਸੰਤ ਨੈਣੋ ਸਿੱਟ ਨੀਰ ਜੀ,
ਆਪਨੂੰ ਬਤਾਵਾਂ ਹੱਡ ਬੀਤੀ ਵੀਰ ਜੀ,
ਚੱਲਿਆ ਹਨੇਰ ਰੁੱਖ ਗਿਆ ਪੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥1॥

ਵਿਛੜੇ ਸੀ ਆਪਾਂ ਵਣੀ ਵਿਚਕਾਰ ਜੀ,
ਤੂੰ ਲੱਭਿਆ ਨਾ ਮੈਨੂੰ ਮੈਂ ਬੈਠਾ ਹਾਰ ਜੀ,
ਡਿੱਗਿਆ ਧੜੱਮ ਮੇਰੇ ਵੱਜੀ ਸੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥2॥

ਰੁੱਖ ਨਾਲ ਲੱਗ ਮੈਂ ਲੰਘਾਈ ਰਾਤਰੀ,
ਵਣੀ ਵਿੱਚ ਦਿੱਸਿਆ ਨਾ ਕੋਈ ਯਾਤਰੀ,
ਮਾਰੀਆਂ ਮੈਂ ਹਾਕਾਂ ਬੋਲ ਨਹੀਂ ਘੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥3॥

ਸ਼ੇਰ ਆਉਂਦਾ ਵੇਖ ਕੀਤੇ ਸਾਸ ਬੰਦ ਮੈਂ,
ਜ਼ੋਰ ਨਾਲ ਨੱਪੇ ਦੰਦ ਨਾਲ ਦੰਦ ਮੈਂ,
ਟੱਪ ਗਿਆ ਕੋਲੋ ਓਹੋ ਪਾਸਾ ਵੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥4॥

ਦੂਰ ਵੇਖੀ ਰੂਪ ਜਗੇ ਇੱਕ ਲਾਟ ਮੈਂ,
ਰੁੜ ਰੁੜ ਪੁੱਜਿਆ ਮੁਕਾਕੇ ਵਾਟ ਮੈਂ,
ਸਾਧੂਆਂ ਦਾ ਡੇਰਾ ਰਹੇ ਰਾਮ ਰੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥5॥

ਫੱਕਰਾਂ ਨੇ ਆਕੇ ਮੈਂਨੂੰ ਸੀ ਉਠਾਲਿਆ,
ਕਰਕੇ ਪਿਆਰ ਕੋਲ ਹੀ ਬੈਠਾ ਲਿਆ,
ਕੌਣ ਜਾਤ ਗੋਤ ਕਹਿੰਦੇ ਦੱਸ ਝੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥6॥

ਦੱਸ ਦਿੱਤੀ ਰੂਪ ਮੈਂ ਤਾਂ ਸਾਰੀ ਵਾਰਤਾ,
ਸਾਡਾ ਤੂੰ ਪੁੱਤਰ ਨਾਥ ਨੇ ਉਚਾਰਤਾ,
ਮੌਜਾਂ ਮਾਣ ਏਥੇ ਨਾਲੇ ਲਾਹਾ ਖੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥7॥

ਸਾਧੂਆਂ ਦੀ ਕ੍ਰਿਪਾ ਅਪਾਰ ਹੋਈਐ,
ਉਹਨਾਂ ਜੈਸਾ ਮੈਂਨੂੰ ਦਿੱਸਦਾ ਨਾ ਕੋਈਐ,
ਰੇਵਤੀ ਰਮਣ ਹੈ ਪ੍ਰੇਮ ਹੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥8॥

ਭੇਜਿਆ ਸੀ ਮੈਨੂੰ ਉਨਾਂ ਲੈਣ ਫੁੱਲ ਜੀ,
ਆ ਗਿਆ ਮਿਸ਼ਰ ਡੰਡੀ ਗਿਆ ਭੁੱਲ ਜੀ,
ਫੁੱਲ ਦੇਕੇ ਤੋਰੋ ਮੈਨੂੰ ਫਟਾ ਫੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥9॥

ਤੁਸੀਂ ਮਾਣੋ ਸੁੱਖ ਮੈਂ ਵੀ ਵਿੱਚ ਸੁੱਖ ਦੇ,
ਪਿਛਲੇ ਜਖਮ ਭੰਮੇ ਬਹੁਤੇ ਦੁੱਖ ਦੇ,
ਸਾਧੂਆਂ ਦਾ ਸੰਗ ਦਿੰਦਾ ਪਾੜੇ ਅੱਟ ਜੀ,
ਰਾਮ ਤੇ ਭਰੋਸਾ ਦੁੱਖ ਦੇਵੇ ਕੱਟ ਜੀ॥10॥

## ਦੋਹਿਰਾ

ਸੁਣਕੇ ਸਾਰੀ ਵਾਰਤਾ ਰੂਪ ਸੁਣਾਵੇ ਬੋਲ,
ਰਮਣ ਰੇਵਤੀ ਗੁਰਾਂ ਦੇ ਮੈਂ ਵੀ ਜਾਣਾ ਕੋਲ।

## ਬੈਂਤ

ਰੂਪ ਆਖਦਾ ਸੱਦਕੇ ਸਾਰਥੀ ਨੂੰ,ਸ਼ਾਹੀ ਰੱਥ ਨੂੰ ਕਰੋ ਤਿਆਰ ਭਾਈ।
ਅਨਾਰੀ ਫੁੱਲਾਂ ਨੂੰ ਤੋੜਕੇ ਬਾਗ ਵਿੱਚੋਂ,ਭਰੋ ਟੋਕਰਾ ਨਾਲ ਪਿਆਰ ਭਾਈ।
ਸ਼ਰਧਾ ਨਾਲ ਜਾਣਾ ਵਣੀ ਵਿੱਚ ਲੈਕੇ,ਓਥੇ ਵਾਸ ਕਰੇ ਸੱਚੀ ਸਰਕਾਰ ਭਾਈ।
ਰਮਣ ਗੁਰਾਂ ਦੇ ਅਸੀਂ ਦੀਦਾਰ ਕਰਨੇ,ਗੁਰੂ ਉਹਨਾਂ ਦੇ ਰਚਨਹਾਰ ਭਾਈ।

## ਦੋਹਿਰਾ

ਰੂਪ ਬਸੰਤ ਰੱਥ ਜੋੜਕੇ ਚਲੇ ਵਣੀ ਦੇ ਵੱਲ,
ਕੁਟੀਆ ਕੋਲੇ ਪੁੱਜਕੇ ਰੱਥ ਰਹੇ ਨੇ ਠੱਲ।

## ਦੋਹਿਰਾ

ਪੁਸ਼ਪ ਅਨਾਰੀ ਰੱਖਦੇ ਰਮਣ ਗੁਰਾਂ ਦੇ ਕੋਲ,
ਚਰਨੀ ਸੀਸ ਟਿਕਾਂਵਦੇ ਰਾਮ ਰਾਮ ਰਹੇ ਬੋਲ॥

## ਦੋਤਾਰਾ ਛੰਦ

ਕਰ ਜੋੜੀ ਜਾਂਦੇ ਨੇ ਨਾਥ ਦੇ ਅੱਗੇ ਦੋਵੇ ਭਾਈ,
ਤੁਸੀਂ ਕ੍ਰਿਪਾ ਕੀਤੀਐ ਚਰਨੀ ਜਾਂਦੇ ਸੀਸ ਟਕਾਈ,
ਰੂਪ ਆਖੇ ਬਾਬਾ ਜੀ ਖੜੀ ਹੈ ਧਰਤੀ ਆਪ ਸਹਾਰੇ,
ਸਾਡੇ ਭਾਗ ਚੰਗੇਰੇ ਜੀ ਥੋਡੇ ਹੋਗੇ ਅੱਜ ਦੀਦਾਰੇ ।1।

ਸਭ ਚੰਗਾ ਹੁੰਦਾ ਹੈ ਬੰਦਾ ਸਮਝੇ ਬਹੁਤਾ ਮਾੜਾ,
ਹੱਥ ਡੋਰੀ ਮਾਲਕ ਦੇ ਆਪੇ ਅੱਟੇ ਪਾਉਂਦਾ ਪਾੜਾ,
ਐਸੀ ਖੇਡ ਰਚਾਈ ਜੀ, ਆਪਦੇ ਆਇਆ ਵੀਰ ਦੁਆਰੇ,
ਸਾਡੇ ਭਾਗ ਚੰਗੇਰੇ ਜੀ ਥੋਡੇ ਹੋਗੇ ਅੱਜ ਦੀਦਾਰੇ ।2।

ਮੱਥਾ ਧਰਕੇ ਚਰਨਾਂ ਤੇ ਤੱਪਦਾ ਠੰਡਾ ਹੁੰਦਾ ਸੀਨਾ,
ਥੋਡੀ ਤੱਕਣੀ ਐਸੀਐ ਕਰਦੇ ਗੋਲਿਆਂ ਤਾਂਈ ਚੀਨਾ,
ਇੱਟ ਖੂਹੇ ਵਾਲੀ ਜੋ ਲੱਗਦੀ ਪੱਲ ਦੇ ਵਿੱਚ ਚੁਬਾਰੇ,
ਸਾਡੇ ਭਾਗ ਚੰਗੇਰੇ ਜੀ ਥੋਡੇ ਹੋਗੇ ਅੱਜ ਦੀਦਾਰੇ ।3।

ਪੂਰਬ ਚੰਗਾ ਲਿਖਿਆ ਸੀ ਤਾਂਹੀ ਦਰਸ਼ ਆਪਦਾ ਹੋਇਆ,
ਸਭ ਐਥੇ ਵੱਢਦੇ ਨੇ ਚੰਗਾ ਮਾੜਾ ਜਿਸਨੇ ਬੋਇਆ,
ਜਿੱਤ ਹੁੰਦੀ ਸੱਚਿਆਂ ਦੀ ਬੇੜੀ ਲੱਗਦੀ ਆਣ ਕਿਨਾਰੇ,
ਸਾਡੇ ਭਾਗ ਚੰਗੇਰੇ ਜੀ ਥੋਡੇ ਹੋਗੇ ਅੱਜ ਦੀਦਾਰੇ ।4।

ਰੱਖਿਆ ਵੀਰ ਪਿਆਰੇ ਨੂੰ ਆਪਨੇ ਸੀਨੇ ਨਾਲ ਲਗਾਕੇ,
ਕੋਈ ਐਸੇ ਰੱਖਦਾ ਨਾ ਜੈਸੇ ਰੱਖਿਆ ਆਪ ਟਿਕਾਕੇ,
ਰਾਹ ਰੋਸ਼ਨ ਕਰ ਦਿੱਤਾ ਜੀਣ ਦੇ ਨੁਕਤੇ ਦੱਸਕੇ ਸਾਰੇ,
ਸਾਡੇ ਭਾਗ ਚੰਗੇਰੇ ਜੀ ਥੋਡੇ ਹੋਗੇ ਅੱਜ ਦੀਦਾਰੇ ।5।

ਮੈਂ ਬਲਿਹਾਰੇ ਬਾਬਾ ਜੀ ਤੁਸਾਂ ਨੇ ਵੀਰ ਬਚਾਤਾ ਮੇਰਾ,
ਨਾਲੇ ਪੁੱਤਰ ਮੰਨ ਲਿਆ ਕਰਤਾ ਵੱਸ ਓਸਦੇ ਡੇਰਾ,
ਆਵੇ ਸ਼ਰਨ ਤੁਮਾਰੀ ਜੋ ਓਸਨੂੰ ਕੌਣ ਜਗਤ ਵਿੱਚ ਮਾਰੇ,
ਸਾਡੇ ਭਾਗ ਚੰਗੇਰੇ ਜੀ ਥੋਡੇ ਹੋਗੇ ਅੱਜ ਦੀਦਾਰੇ ।6।

ਤੁਸੀਂ ਮਾਤ-ਪਿਤਾ ਸਾਡੇ ਥੋਡੇ ਤੁਲ ਨਾ ਦਿੱਸੇ ਕੋਈ,
ਪਿਤਾ ਵੈਰੀ ਹੋਇਆ ਜੀ ਜਮਣ ਵਾਲੀ ਮਾਤਾ ਮੋਈ,
ਸਾਨੂੰ ਦੇਸ਼ੋ ਕੱਢਿਆਂ ਜੀ ਨਾਲੇ ਬੋਲੇ ਬੋਲ ਕਰਾਰੇ,
ਸਾਡੇ ਭਾਗ ਚੰਗੇਰੇ ਜੀ ਥੋਡੇ ਹੋਗੇ ਅੱਜ ਦੀਦਾਰੇ ।7।

ਮੰਨ ਅਰਜ਼ ਹਮਾਰੀ ਜੀ ਸਾਡੀ ਭੇਟਾ ਕਰੋ ਮਨਜ਼ੂਰੇ,
ਸੇਵਾ ਕਰਨੀ ਗੁਰੂਆਂ ਦੀ ਚੱਲਿਆ ਮੁਢ ਤੋਂ ਇਹ ਦਸਤੂਰੇ,
ਮੇਵਾ ਮਿਲਦਾ ਸੇਵਾ 'ਚੋਂ ਭੰਮਿਆਂ ਗੁਰਾਂ ਨੇ ਬਚਨ ਉਚਾਰੇ,
ਸਾਡੇ ਭਾਗ ਚੰਗੇਰੇ ਜੀ ਥੋਡੇ ਹੋਗੇ ਅੱਜ ਦੀਦਾਰੇ ।8।

## ਦੋਹਿਰਾ

ਖੁਸ਼ ਹੋ ਰਮਣ ਗੁਰੂ ਜੀ ਐਸੇ ਕਰਨ ਬਿਆਨ,
ਗੁਰੂ ਪਿਤਾ ਗੁਰੂ ਮਾਤਾ ਸ਼ਰਧਾ ਵਿੱਚ ਭਗਵਾਨ॥

## ਬੈਂਤ

ਰਮਣ ਗੁਰੂ ਕਹਿੰਦੇ ਸੁਣੋ ਗੱਲ ਬੇਟਾ,ਘੱਲੇ ਓਸਦੇ ਆਉਂਦੇ ਹਾਂ ਚੱਲ ਸਾਰੇ।
ਕਿਥੋਂ ਆਉਂਦੇ ਤੇ ਕਿੱਥੇ ਨੇ ਤੁਰ ਜਾਂਦੇ ਬਿਨਾਂ ਭੌਰ ਦੇ ਛੱਡਕੇ ਖੱਲ ਸਾਰੇ।
ਸਾਰ ਕੋਈ ਨੀ ਜਾਣਦਾ ਖੇਡ ਐਸੀ ਸੱਚੀ ਸਮਝ ਦੇ ਆਪਣੀ ਗੱਲ ਸਾਰੇ।
ਸਭ ਆਖਦੇ ਸਾਨੂੰ ਹੈ ਗਿਆਨ ਪੂਰਾ ਸਮਝਣ ਆਪ ਨੂੰ ਖਾੜੇ ਦੇ ਮੱਲ ਸਾਰੇ।
ਸੁਰਗਾਂ ਵੱਲ ਨੂੰ ਜਾਂਦੀਐ ਕਾਰ ਸਾਡੀ ਆਓ ਚੱਲੀਏ ਬੈਠ ਜੋ ਰੱਲ ਸਾਰੇ।
ਵਾਂਗ ਰਿਉੜੀਆਂ ਵਿਕੂਗਾ ਰੱਬ ਬੱਚਾ ਵੇਚਣ ਵਾਲੇ ਵੀ ਕਰਨਗੇ ਛੱਲ ਸਾਰੇ।
ਮਾਤ ਪਿਤਾ ਦੀ ਸੇਵਾ ਨਾ ਕਰੂ ਕੋਈ ਚਾਲੇ ਪਾਉਣਗੇ ਮੰਦਰਾਂ ਵੱਲ ਸਾਰੇ।
ਮਾਤਾ ਸਿੱਟੂਗੀ ਆਪਣੇ ਜੰਮਿਆਂ ਨੂੰ ਚੱਕੂ ਕੋਈ ਨਾ ਜਾਣਗੇ ਟੱਲ ਸਾਰੇ।
ਸਾਧੂ ਸੰਤ ਵੀ ਕਰੂ ਨਾ ਗੱਲ ਸੱਚੀ ਪੈਦਾ ਕਰਨਗੇ ਆਪਣੇ ਦੱਲ ਸਾਰੇ।
ਸ਼ਰਧਾ ਨਾਲ ਜੋ ਕਰੂਗਾ ਯਾਦ ਉਸਨੂੰ ਝੋਲੀ ਓਸਦੀ ਪੈਣਗੇ ਫੱਲ ਸਾਰੇ।
ਤੁਸੀਂ ਸੱਚੇ ਸੀ ਤਾਂਹੀ ਤਾਂ ਜਿੱਤ ਹੋਈ ਕਾਜ਼ ਝੂਠੇ ਦੇ ਜਾਂਦੇ ਨੇ ਠੱਲ ਸਾਰੇ।
ਜਾਓ ਮੌਜ਼ ਮਾਣੋ ਦੋਵੇਂ ਵੀਰ ਭੰਮੇ ਕੰਮ ਹੋਣਗੇ ਤੁਸਾਂ ਦੇ ਹੱਲ ਸਾਰੇ॥

## ਕੁੰਡਲੀਆਂ

ਤੋਰਤੇ ਕੁਵੰਰ ਦੋਵੇਂ ਦੇਕੇ ਅਸੀਸਾਂ ਬਹੁਤ,
ਸਦਾ ਸੁੱਖੀ ਰੱਖੇ ਥੋਨੂੰ ਗੁਰੂ ਬ੍ਰਹਮਾਂ ਨੰਦ ਜੀ।
ਗੁਰੂ ਬ੍ਰਹਮਾਂ ਨੰਦ ਜਿਹੜੇ ਚੋਟੀ ਦੇ ਸ਼ਾਇਰ ਭਾਈ,
ਲਿਖਤੇ ਤਮਾਮ ਕਿੱਸੇ ਰਚ ਗੂੜ੍ਹੇ ਛੰਦ ਜੀ।
ਰਚ ਗੂੜ੍ਹੇ ਛੰਦ ਦੱਸੇ ਜੀਵਣੇ ਦੇ ਢੰਗ ਸਾਰੇ,
ਦੁੱਖ ਸੁੱਖ ਦੋਵੇਂ ਹਨ ਦੇਹੀ ਵਾਲੇ ਸੰਦ ਜੀ।
ਦੇਹੀ ਵਾਲੇ ਸੰਦਾਂ ਕੋਲੋ ਡਰੀਦਾ ਨੀ ਭੰਮੇ ਬੇਟਾ,
ਗੁਰਾਂ ਦਾ ਅਸ਼ੀਰਬਾਦ ਤੋੜੇ ਦੁੱਖ ਤੰਦ ਜੀ॥

## ਕਬਿੱਤ

ਚੱਲਪੇ ਬ੍ਰਹਮ ਗਿਆਨੀ ਗੰਗਾ ਦੇ ਦੀਦਾਰਿਆਂ ਨੂੰ,
ਸਾਧੂਆਂ ਨੂੰ ਤੀਰਥਾਂ ਦਾ ਹੁੰਦਾ ਬਹੁਤਾ ਚਾਅ ਜੀ।
ਕਦੇ ਰੁਕੇ ਐਸ ਪਿੰਡ ਕਦੇ ਰੁਕੇ ਓਸ ਪਿੰਡ,
ਸੰਗਲਦੀਪ ਸ਼ਹਿਰ ਬੈਠੇ ਡੇਰਾ ਲਾਅ ਜੀ।

ਸੁਬ੍ਹਾ ਸ਼ਾਮ ਆਰਤੀ ਕਰਨ ਪ੍ਰੇਮ ਨਾਲ,
ਸੁਣਦੇ ਅਮੋਲ ਰਾਗ ਨਾਰੀ ਨਰ ਆ ਜੀ।
ਫੈਲਗੀ ਚੁਫੇਰੇ ਗੱਲ ਜੰਗਲ ਦੀ ਅੱਗ ਵਾਂਗੂ,
ਮਹਿਲਾਂ ਵਿੱਚ ਬਾਂਦੀ ਦੱਸੇ ਭੰਮੇ ਕੋਲ ਜਾ ਜੀ॥

## ਦੋਹਿਰਾ

ਬਾਂਦੀ ਆਖੇ ਰਾਣੀਏ ਸੁਣਲੈ ਨਾਲ ਧਿਆਨ,
ਫੱਕਰ ਆਇਆ ਬਾਗ ਮੇਂ ਜਾਪੇ ਸ੍ਰੀ ਭਗਵਾਨ॥

## ਚਟਪਟਾ ਛੰਦ

ਬਾਂਦੀ ਆਕੇ ਦੱਸਦੀ ਸੁਣ ਅਜ਼ਬ ਕਹਾਣੀ,
ਸਾਧੂ ਵੇਖਿਆ ਰਾਣੀਏ ਰੱਬ ਦੂਜਾ ਜਾਣੀ,
ਮਨ ਦੀ ਇੱਛਿਆ ਪੂਰਦਾ ਹੈ ਜੋਤ ਰੂਹਾਨੀ,
ਤੂੰ ਵੀ ਪੁੱਤਰ ਮੰਗਲੈ ਸਾਧੂ ਪੂਰਾ ਦਾਨੀ॥1॥

ਵਾਂਗ ਰਵੀ ਦੇ ਮੁੱਖੜਾ ਹੈ ਚਮਕਾ ਮਾਰੇ,
ਬੋਲ ਓਸਦੇ ਮਿੱਠੜੇ ਜੈਸੇ ਸ਼ੱਕਰ ਪਾਰੇ,
ਸੀਤਲ ਵਾਂਗੂ ਸਸੀ ਦੇ ਲੱਗੇ ਬ੍ਰਹਮ ਗਿਆਨੀ,
ਤੂੰ ਵੀ ਪੁੱਤਰ ਮੰਗਲੈ ਸਾਧੂ ਪੂਰ ਦਾਨੀ॥2॥

ਨਜ਼ਰ ਫੇਰ ਜੱਦ ਤੱਕਦਾ ਦੁੱਖ ਭਰੇ ਉਡਾਰੀ,
ਸ੍ਰੀ ਰਾਮ ਜੀ ਲੱਗਦਾ ਲੱਗੇ ਕਦੇ ਮੁਰਾਰੀ,
ਸਿਫਤ ਓਸਦੀ ਰਾਣੀਏ ਨਾ ਜਾਂਦੀ ਬਿਆਨੀ,
ਤੂੰ ਵੀ ਪੁੱਤਰ ਮੰਗਲੈ ਸਾਧੂ ਪੂਰਾ ਦਾਨੀ॥3॥

ਜਟਾਂ ਨੇ ਬਹੁਤ ਲੰਮੇਰੀਆਂ ਨਾ ਮਿਣਤੀ ਕੋਈ,
ਚਿਮਟਾਂ ਚਿੱਪੀ ਕੋਲ ਨੇ ਇੱਕ ਮੋਢੇ ਲੋਈ,
ਐਸੀ ਸੂਰਤ ਵੇਖਕੇ ਹੋਈ ਬਹੁਤ ਹੈਰਾਨੀ,
ਤੂੰ ਵੀ ਪੁੱਤਰ ਮੰਗਲੈ ਸਾਧੂ ਪੂਰਾ ਦਾਨੀ॥4॥

ਦਰਸ਼ ਸਾਧੂ ਦਾ ਰਾਣੀਏ ਕਰਨਾ ਬਹੁਤਾ ਚੰਗਾ,
ਠੰਡਾ ਠਾਰ ਮਨ ਹੋਂਵਦਾ ਜੈਸੇ ਪਾਣੀ ਗੰਗਾ,
ਧਰਮ ਗਰੰਥ ਵੀ ਦੱਸਦੇ, ਦੱਸਦੇ ਨੇ ਧਿਆਨੀ,
ਤੂੰ ਵੀ ਪੁੱਤਰ ਮੰਗਲੈ ਸਾਧੂ ਪੂਰਾ ਦਾਨੀ॥5॥

ਪੂਰੀ ਸ਼ਰਧਾ ਰੱਖਕੇ ਚਰਨੀ ਸੀਸ ਟਿਕਾਓ,
ਖਾਲੀ ਝੋਲੀ ਜਾਵਣਾ ਝੋਲੀ ਭਰਲੈ ਆਓ,
ਲਾਭ ਅਨੇਕਾਂ ਆਉਂਣਗੇ ਨਾ ਆਉਂਣੀ ਹਾਨੀ,
ਤੂੰ ਵੀ ਪੁੱਤਰ ਮੰਗਲੈ ਸਾਧੂ ਪੂਰਾ ਦਾਨੀ॥6॥

ਰਾਜੇ ਦੇ ਸੰਗ ਰਾਣੀਏ ਕਰ ਜਾਣ ਦੀ ਤਿਆਰੀ,
ਬਿਨ ਬੱਚੇ ਦੇ ਜੱਗ ਮੇਂ ਨਾ ਜੱਚਦੀ ਨਾਰੀ,
ਭੈੜੀ ਲੱਗਦੀ ਸਭ ਨੂੰ ਜੈਸੇ ਧਰਤ ਬਰਾਨੀ,
ਤੂੰ ਵੀ ਪੁੱਤਰ ਮੰਗਲੈ ਸਾਧੂ ਪੂਰਾ ਦਾਨੀ॥7॥

ਮੇਰਾ ਫਰਜ਼ ਸੀ ਦੱਸਣਾ ਹੁਣ ਮਰਜ਼ੀ ਤੇਰੀ,
ਛੇਤੀ ਚੱਲਕੇ ਜਾਵਣਾ ਨਾ ਕਰਨੀ ਦੇਰੀ,
ਕ੍ਰਿਪਾ ਗੁਰਾਂ ਦੀ ਭੰਮਿਆਂ ਤੂੰ ਬਾਲ ਨਾਦਾਨੀ,
ਤੂੰ ਵੀ ਪੁੱਤਰ ਮੰਗਲੈ ਸਾਧੂ ਪੂਰਾ ਦਾਨੀ॥8॥

## ਕਬਿੱਤ

ਬਾਂਦੀ ਮੁੱਖੋਂ ਗੱਲ ਸੁਣ ਹੋਈਐ ਹੈਰਾਨ ਰਾਣੀ,
ਕਰਦੀ ਅਰਜ਼ ਕੋਲੇ ਜਾਕੇ ਭਰਥਾਰ ਦੇ।
ਆਏ ਨੇ ਸ਼ਹਿਰ ਸਾਧੂ ਕਰੀਏ ਦਰਸ਼ ਜਾਕੇ,
ਆਖਦੇ ਸ਼ਹਿਰ ਵਾਸੀ ਡੁੱਬਿਆਂ ਨੂੰ ਤਾਰ ਦੇ।
ਸਾਧੂਆਂ ਦੇ ਕੋਲ ਹੁੰਦੀ ਸ਼ਕਤੀ ਅਪਾਰ ਸਾਂਈ,
ਸੁੱਕਿਆਂ ਨੂੰ ਫਲ ਲਾਉਂਦੇ ਐਸੀ ਨਿਗ੍ਹਾ ਮਾਰਦੇ।
ਕਰੀਏ ਨਾ ਦੇਰ ਆਪਾਂ ਫੜੀਏ ਚਰਨ ਭੰਮੇ,
ਉਹਨਾਂ ਨੇ ਦਰਸ਼ ਕੀਤੇ ਬਾਬੇ ਰਚਨਹਾਰ ਦੇ॥

## ਕਬਿੱਤ

ਰਾਣੀ ਕੋਲੋ ਗੱਲ ਸੁਣ ਕਰਤਾ ਹੁਕਮ ਰਾਜੇ,
ਜੋੜਕੇ ਲਿਆਵੋ ਰੱਥ ਜਾਣਾ ਸਾਧੂ ਕੋਲ ਜੀ।
ਕਰਨੇ ਦੀਦਾਰ ਅਸੀਂ ਛੇਤੀ ਪੁੱਜ ਬਾਗ ਵਿੱਚ,
ਸੁਣਨੇ ਮੁਖਾਰ ਵਿੱਚੋਂ ਮਿੱਠੇ ਮਿੱਠੇ ਬੋਲ ਜੀ।
ਭੇਟਾ ਤਿਆਰ ਕਰ ਦੇਵੋ ਕੱਢਕੇ ਖਜਾਨੇ ਵਿੱਚੋਂ
ਖੁਸ਼ ਹੋਣ ਸਾਧੂ ਤੱਕ ਚੀਜ਼ ਅਨਮੋਲ ਜੀ।
ਉਹਨਾਂ ਦੀ ਖੁਸ਼ੀ ਦੇ ਵਿੱਚੋਂ ਨਿਕਲੂ ਹਮਾਰੀ ਖੁਸ਼ੀ,
ਜਿਹੜੀ ਖੁਸ਼ੀ ਤਾਂਈ ਭੰਮੇ ਬਹੁਤਾ ਰਿਹਾ ਟੋਲ ਜੀ॥

## ਦੋਹਿਰਾ

ਰਾਜਾ ਰਾਣੀ ਪੁੱਜਗੇ ਵੇਖੋ ਸਾਧੂ ਕੋਲ,
ਚਰਨੀ ਸੀਸ ਟਿਕਾਂਵਦੇ ਰਹੇ ਰਾਮ ਨੇ ਬੋਲ।

## ਦੋਹਿਰਾ

ਜਾਣੀ ਜਾਣ ਮਹਾਤਮਾ ਪੁੱਛਣ ਰਾਜੇ ਦਾ ਹਾਲ,
ਕਿਹੜੇ ਦੁੱਖ ਦੇ ਕਾਰਨੇ ਆਏ ਰਾਣੀ ਨਾਲ॥

## ਦੋਹਿਰਾ

ਰਾਜਾ ਰਾਣੀ ਦੱਸਦੇ ਦੁੱਖ ਆਪਣਾ ਖੋਲ,
ਬਿਨਾਂ ਪਿਆਰੇ ਬਾਲ ਦੇ ਜਿੰਦ ਰਹੀ ਹੈ ਡੋਲ॥

## ਚਟਪਟਾ ਛੰਦ

ਰਾਜਾ ਤੇ ਰਾਣੀ ਦੋਵੇਂ ਅਰਜ਼ਾਂ ਗੁਜਾਰ ਦੇ,
ਸਾਧੂ ਦੇ ਚਰਨਾਂ ਉਤੇ ਸੀਸਾਂ ਨੂੰ ਡਾਰ ਦੇ,
ਪੂਰੀ ਕਰ ਮੰਗ ਹਮਾਰੀ ਮੰਨਕੇ ਅਰਦਾਸਾਂ ਨੂੰ,
ਪੁੱਤਰ ਦੀ ਦਾਤ ਬਖਸ਼ਦੇ ਬਾਬਾ ਜੀ ਦਾਸਾਂ ਨੂੰ।1।

ਹੁੰਦੀਐ ਬਹੁਤੀ ਤਾਕਤ ਥੋੜੇ ਤਾਂ ਕੋਲ ਜੀ,
ਪੱਥਰਾਂ ਨੂੰ ਮੋਮ ਬਣਾਉਂਦੇ ਸੰਤਾਂ ਦੇ ਬੋਲ ਜੀ,
ਰਾਮ ਦੇ ਕਰਨ ਦੀਦਾਰੇ ਕਰਕੇ ਬੰਦ ਸਾਸਾਂ ਨੂੰ,
ਪੁੱਤਰ ਦੀ ਦਾਤ ਬਖਸ਼ਦੇ ਬਾਬਾ ਜੀ ਦਾਸਾਂ ਨੂੰ।2।

ਸੁੱਕਿਆਂ ਨੂੰ ਫੁੱਲ ਲਗਾਵੇ ਥੋਡੀ ਦ੍ਰਿਸਟੀ ਜੀ,
ਆਪਦੇ ਕਾਰਣ ਬਾਬਾ ਠੰਡੀ ਸ੍ਰਿਸਟੀ ਜੀ,
ਬਣਦੇ ਨੇ ਸਾਕਾਹਾਰੀ ਲੋਚਣ ਜੋ ਮਾਸਾਂ ਨੂੰ,
ਪੁੱਤਰ ਦੀ ਦਾਤ ਬਖਸ਼ਦੇ ਬਾਬਾ ਜੀ ਦਾਸਾਂ ਨੂੰ।3।

ਸਾਧੂ ਦੀ ਮਹਿੰਮਾਂ ਕਰਨੀ ਸ਼ਬਦਾਂ ਤੋਂ ਬਾਹਰੀ ਹੈ,
ਸ਼ੇਰਾਂ ਨੂੰ ਹੱਲ ਜੋੜਦੇ ਖੇਡ ਨਿਆਰੀ ਹੈ
ਲੱਕਦੇ ਨੇ ਦੁੱਧ ਬੱਠਲੀ ਖਾਂਦੇ ਨੇ ਘਾਸਾਂ ਨੂੰ,
ਪੁੱਤਰ ਦੀ ਦਾਤ ਬਖਸ਼ਦੇ ਬਾਬਾ ਜੀ ਦਾਸਾਂ ਨੂੰ।4।

ਕਰਕੇ ਤੇ ਚੇਤਨ ਧੂਣੇ ਸੰਖਾਂ ਨੂੰ ਪੂਰ ਦੇ,
ਦੇਵੀ ਤੇ ਦੇਵ ਅੰਬਰੋਂ ਸੁੱਖਾਂ ਨੂੰ ਬੂਰ ਦੇ,
ਚੰਦਨ ਦਾ ਰੁੱਖ ਬਣਾਉਂਦੇ ਪਲ ਦੇ ਵਿੱਚ ਬਾਸਾਂ ਨੂੰ,
ਪੁੱਤਰ ਦੀ ਦਾਤ ਬਖਸ਼ਦੇ ਬਾਬਾ ਜੀ ਦਾਸਾਂ ਨੂੰ।5।

ਬੱਚੇ ਦੇ ਬਾਝੋਂ ਸਾਡੇ ਫਿੱਕੇ ਨੇ ਰੰਗ ਜੀ,
ਹੋਰ ਤਾਂ ਸਭ ਕੁਝ ਕੋਲੇ ਪੁੱਤਰ ਦੀ ਮੰਗ ਜੀ,
ਰਾਣੀ ਦੀ ਝੋਲੀ ਭਰਕੇ ਪੂਰ ਦੇ ਆਸਾਂ ਨੂੰ,
ਪੁੱਤਰ ਦੀ ਦਾਤ ਬਖਸ਼ਦੇ ਬਾਬਾ ਜੀ ਦਾਸਾਂ ਨੂੰ ।6।

ਥੋਡੇ ਬਿਨ ਕਿਤੋਂ ਨਾ ਮਿਲਦੀ ਚੀਜ਼ ਅਨਮੁੱਲੀ ਹੈ,
ਧਰਤੀ ਦੀ ਕੰਡ ਤੇ ਕੋਈ ਸ਼ੌਪ ਨਾ ਖੁਲੀ ਹੈ,
ਦੁੱਖੀਏ ਦੇ ਤੁਸੀਂ ਧਰਾਵੋਂ ਟੁੱਟੇ ਧਰਵਾਸਾਂ ਨੂੰ,
ਪੁੱਤਰ ਦੀ ਦਾਤ ਬਖਸ਼ਦੇ ਬਾਬਾ ਜੀ ਦਾਸਾਂ ਨੂੰ।7।

ਭੰਮੇ ਤੇ ਕ੍ਰਿਪਾ ਕਰ ਦਿਓ ਮੰਨਕੇ ਅਰਜੋਈ ਜੀ,
ਤੇਰੇ ਬਿਨ ਦਰਦੀ ਸਾਡਾ ਦਿੱਸੇ ਨਾ ਕੋਈ ਜੀ,
ਅਸੀਸਾਂ ਦੇ ਸਾਸ ਦੇ ਦਿਓ ਜਿੰਦੀਆਂ ਲਾਸਾਂ ਨੂੰ,
ਪੁੱਤਰ ਦੀ ਦਾਤ ਬਖਸ਼ਦੇ ਬਾਬਾ ਜੀ ਦਾਸਾਂ ਨੂੰ।8।

## ਕਬਿੱਤ

ਦੋਹਾਂ ਦੀ ਅਰਜ਼ ਸੁਣ ਆਖਦੇ ਰਮਣ ਗੁਰੂ,
ਸੱਚੋ ਸੱਚ ਦੱਸੋ ਮੈਂਨੂੰ ਰਾਜਾ ਇੱਕ ਗੱਲ ਜੀ।
ਤੁਸੀਂ ਮੰਗੋ ਸੁਤ ਮੈਥੋਂ ਪਹਿਲਾਂ ਵਾਲੇ ਦੱਸੋ ਕਿਥੇ,
ਸੁੰਦਰ ਜੁਆਨ ਜਿਹੜੇ,ਪੂਰੇ ਸੂਰੇ ਮੱਲ ਜੀ।
ਵੱਡਿਆਂ ਨੂੰ ਭੁਲ ਰਾਜਾ ਛੋਟਿਆਂ ਦੀ ਮੰਗ ਕਰੇ,
ਲੱਗਦੈ ਦਿਮਾਗ ਥੋਡਾ ਗਿਆ ਥਾਵੋਂ ਹੱਲ ਜੀ।
ਛੇਤੀ ਛੇਤੀ ਬੋਲ ਰਾਜਾ ਕਰਦੇ ਬਿਆਨ ਸੱਚੇ,
ਸਾਧਾਂ ਅੱਗੇ ਕਰੀਦਾ ਨੀ ਭੰਮੇ ਕੋਈ ਛੱਲ ਜੀ॥

## ਦੋਹਿਰਾ

ਰਾਜਾ ਆਖੇ ਗੁਰੂ ਜੀ ਬੋਲੂ ਸੱਚੇ ਬਿਆਨ,
ਥੋਡੇ ਅੱਗੇ ਝੂਠ ਨਾ ਤੁਸੀਂ ਹੋ ਯਾਣੀ ਜਾਣ॥

## ਬੈਂਤ

ਰਾਜਾ ਆਖਦਾ ਜੋੜਕੇ ਹੱਥ ਦੋਵੇਂ ਸੱਚੋ ਸੱਚ ਹੈ ਮੇਰਾ ਬਿਆਨ ਸਾਂਈ।
ਦੋ ਪੁੱਤ ਸੀ ਰੂਪ ਬਸੰਤ ਮੇਰੇ ਮੇਰੇ ਵੇਹੜੇ ਦੀ ਦੋਵੇਂ ਹੀ ਸ਼ਾਨ ਸਾਂਈ।
ਰੂਪਾਵਤੀ ਸੀ ਪਿਆਰੀ ਬਾਮ ਮੇਰੀ ਚੜ੍ਹੀ ਮੌਤ ਦੇ ਰੱਥ ਰਕਾਨ ਸਾਂਈ।
ਚੰਦਰਾਵਤੀ ਨਾਲ ਮੈਂ ਫੇਰ ਕਰੀ ਸ਼ਾਦੀ ਕਰਦੇ ਸਭ ਨੇ ਵਿੱਚ ਜਹਾਨ ਸਾਂਈ।
ਹੋਇਆ ਪੁੱਤ ਕਪੁੱਤ ਬਸੰਤ ਮੇਰਾ ਤੋੜ ਸੁਟਿਆ ਧਰਮ ਇਮਾਨ ਸਾਂਈ।
ਚੰਦਰਾਵਤੀ ਨੂੰ ਆਖਦਾ ਬਣ ਮੇਰੀ ਬਾਪੂ ਬੁੱਢਾ ਤੇ ਮੈ ਹਾਂ ਜੁਆਨ ਸਾਂਈ।
ਮਸਾਂ ਬਚੀ ਇਹ ਓਸਦੀ ਝਪਟ ਵਿੱਚੋਂ ਜੁਲਫਾਂ ਖੋਲ ਗਿਆ ਬੇਈਮਾਨ ਸਾਂਈ।
ਐਸੇ ਪੁੱਤ ਦਾ ਘਰੇ ਨਾ ਕੰਮ ਕੋਈ ਐਸਾ ਦੇਵੇ ਨਾ ਕਿਸੇ ਨੂੰ ਭਗਵਾਨ ਸਾਂਈ।

ਦੇਸ਼ੋਂ ਕੱਢਿਆ ਓਸਨੂੰ ਸਜਾ ਦੇਕੇ ਬਖਸ਼ ਦਿੱਤੀ ਮੈਂ ਓਸਦੀ ਜਾਨ ਸਾਂਈ।
ਛੋਟਾ ਰੂਪ ਵੀ ਓਸਦੇ ਸੰਗ ਤੁਰ ਗਿਆ ਮਹਿਲੀ ਵਰਤਗਈ ਸੁਨਸਾਨ ਸਾਂਈ।
ਐਸੀ ਹੋਣੀ ਨੂੰ ਹੋਏ ਸਾਲ ਬਹੁਤੇ ਤਾਂਹੀ ਮੰਗਦੇ ਪੁੱਤ ਦਾ ਦਾਨ ਸਾਂਈ।
ਸੱਚ ਜਾਣਿਓ ਝੂਠ ਨਾ ਇੱਕ ਰਾਈ ਯਾਣੀ ਜਾਣ ਤੁਸੀਂ ਭੰਮੇ ਨਾਦਾਨ ਸਾਂਈ॥

## ਕਬਿੱਤ

ਹੁਣ ਦੱਸੋ ਰਾਣੀ ਤੁਸੀਂ ਰਾਮ ਦਾ ਧਿਆਨ ਧਰ,
ਬੋਲੀ ਦਾ ਨੀ ਝੂਠ ਬੱਚਾ ਸਾਧੂਆਂ ਦੇ ਕੋਲ ਜੀ।
ਕੈਸੀ ਬੀਤੀ ਆਪ ਨਾਲ ਦੱਸਣੀ ਤਮਾਮ ਬਾਤ,
ਰੱਖਣਾ ਨੀ ਓਹਲਾ ਕੋਈ ਦੇਣੀ ਗੰਢ ਖੋਲ੍ਹ ਜੀ।
ਸੱਚ ਵਿੱਚੋਂ ਮਿਲ ਜਾਂਦਾ ਦਰਦਾਂ ਦਾ ਹੱਲ ਕੋਈ,
ਝੂਠਾ ਬੰਦਾ ਰਹੇ ਸਦਾ ਮਨ ਵਿਸ਼ ਘੋਲ ਜੀ।
ਬੰਦੇ ਦਾ ਮੁਖਾਰ ਦੱਸੇ ਅੰਦਰ ਦੇ ਵੇਗਾਂ ਤਾਂਈ,
ਧਰਕੇ ਤਰਾਜੂ ਲੈਂਦੇ ਭੰਮੇ ਸਾਧੂ ਤੋਲ ਜੀ॥

## ਦੋਹਿਰਾ

ਰਾਣੀ ਆਖੇ ਗੁਰੂ ਜੀ ਤੁਸੀਂ ਹੋ ਜਾਣੀ ਜਾਣ,
ਝੂਠ ਰੱਤੀ ਨੀ ਬੋਲਣਾ ਦੇਣੇ ਤਿਆਗ ਪ੍ਰਾਣ॥

## ਬੈਂਤ

ਰਾਣੀ ਆਖਦੀ ਸਿੱਟਕੇ ਨੀਰ ਨੈਂਣੋ ਸੱਚੋ ਸੱਚ ਨੇ ਮੇਰੇ ਇਹ ਬੋਲ ਬਾਬਾ।
ਸਾਰੀ ਵਾਰਤਾ ਦੱਸਣੀ ਪਾਸ ਤੇਰੇ ਰੱਖਣੀ ਕੋਈ ਨਾ ਆਪਣੇ ਕੋਲ ਬਾਬਾ।
ਮੇਰਾ ਜੋਬਨ ਸੀ ਜਮਾਂ ਸਿਖਰ ਉਤੇ ਪੇਡਿਆਂ ਵਿੱਚ ਸੀ ਮੇਰਾ ਢੋਲ ਬਾਬਾ।
ਮੇਰੇ ਮਾਪਿਆਂ ਇੱਕ ਨਾ ਗੱਲ ਮੰਨੀ ਮਾਇਆਂ ਨਾਲ ਦਿੱਤਾ ਜੋਬਨ ਤੋਲ ਬਾਬਾ।
ਔਰਤ ਦੁੱਖ ਸਹਿਦੀ ਸਦਾ ਜੱਗ ਉਤੇ ਮਾਪਿਆਂ ਕੋਲ ਨਾ ਸਕਦੀ ਖੋਲ ਬਾਬਾ।
ਪਿਆਰਾ ਸਦਾ ਹੀ ਹਾਣ ਨੂੰ ਹਾਣ ਹੋਵੇ ਚਾਹੇ ਵੇਖਲੋ ਜੱਗ ਫਰੋਲ ਬਾਬਾ।
ਬਸੰਤ ਆਇਆ ਸੀ ਮਹਿਲੀ ਲੈਣ ਖੁੱਦੋ ਜੋਬਨ ਵੇਖ ਗਿਆ ਮਨ ਡੋਲ ਬਾਬਾ।
ਫੜਕੇ ਬਾਂਹ ਮੈਂ ਓਸਦੀ ਮਿੰਨਤ ਕੀਤੀ ਬੈਠ ਸੇਜ਼ ਤੇ ਕਰੀਏ ਕਲੋਲ ਬਾਬਾ।
ਹੱਥ ਜੋੜਕੇ ਓਸਨੇ ਅਰਜ਼ ਕੀਤੀ ਮਿਲਦਾ ਸਤ ਨਾ ਕਿਸੇ ਵੀ ਮੋਲ ਬਾਬਾ।
ਮੇਰੀ ਜਿਦ ਨਾ ਕਿਸੇ ਵੀ ਕੰਮ ਆਈ ਮਾਫੀ ਮੰਗ ਗਿਆ ਮਾਤਾ ਬੋਲ ਬਾਬਾ।

ਵੇਖਿਆ ਦੋਸ਼ ਨਾ ਕੋਈ ਬਸੰਤ ਅੰਦਰ ਦਿੱਤਾ ਲਾਲਾਂ ਮੈਂ ਮਿੱਟੀ ਰੋਲ ਬਾਬਾ।
ਮਾਫੀ ਮੰਗਲਾ ਮਿਲੇ ਬਸੰਤ ਮੈਨੂੰ ਕ੍ਰਿਪਾ ਕਰਕੇ ਦੇਵੋਂ ਜੇ ਟੋਲ ਬਾਬਾ।
ਮੇਰੇ ਵਰਗੀਆਂ ਮਿਲਦੀਆਂ ਵਿੱਚ ਮੰਡੀ ਰੂਪ ਬਸੰਤ ਨਾ ਮਿਲਦੇ ਮੋਲ ਬਾਬਾ।
ਝੂਠ ਖੋਟ ਨੂੰ ਕੋਈ ਨੀ ਦੱਬ ਸਕਦਾ ਚਾਹੇ ਫੇਰੀਏ ਕਿੰਨਾਂ ਹੀ ਝੋਲ ਬਾਬਾ।
ਸੱਚੋ ਸੱਚ ਮੈਂ ਦੱਸਤੀ ਗੱਲ ਸਾਰੀ ਭੰਮੇ ਵਾਂਗ ਨਾ ਕੀਤੀ ਮੈਂ ਗੋਲ ਬਾਬਾ॥

## ਕਬਿੱਤ

ਸੁਣਕੇ ਸਚਾਈ ਰਾਜਾ ਮਾਰਦਾ ਮੱਥੇ ਤੇ ਹੱਥ,
ਤੇਰੇ ਪਿਛੇ ਲੱਗ ਰਾਣੀ ਪੁੱਤ ਦਿੱਤੇ ਤੋਰ ਨੀ।
ਮਾਰਕੇ ਖੜਗ ਤੇਰਾ ਸੀਸ ਧੜੋ ਵੱਖ ਕਰਾਂ,
ਕੁੱਤੇ ਖਾਣ ਮਾਸ ਤੇਰਾ ਹੱਡਾਂ ਨਾਲੋ ਭੋਰਨੀ।
ਖੜਗ ਮਿਆਨੋ ਕੱਢ ਹੋਗਿਆ ਕ੍ਰੋਧਵਾਨ,
ਮੇਰੇ ਨਾਲ ਕੀਤਾ ਦੱਸ ਐਨਾ ਦਗਾ ਘੋਰ ਨੀ।
ਲਾਲਾਂ ਵਾਲਾ ਜੋੜਾ ਮੇਰਾ ਰੋਲਤਾ ਮਿੱਟੀ ਦੇ ਵਿੱਚ,
ਮੂਰਖ ਸੀ ਭੰਮੇ ਜੀ ਨੇ ਰੱਖਿਆ ਘਰੇ ਚੋਰਨੀ॥

## ਦੋਤਾਰਾ ਛੰਦ

ਗੱਲ ਸੁਣਕੇ ਰਾਣੀ ਦੀ ਨਿਰਪ ਦੇ ਖੂਨ ਨੇਤਰੀ ਆਇਆ,
ਸਿਰ ਧੜ ਤੋਂ ਲਾਹ ਦੇਣਾ ਤੁਸਾਂ ਨੇ ਐਸਾ ਕਰਮ ਕਮਾਇਆ,
ਮੈਂ ਜੋੜੀ ਲਾਲਾਂ ਦੀ ਤੇਰੀ ਖਾਤਰ ਰੇਤ ਰਲਾਈ,
ਤੂੰ ਧੋਖਾ ਕੀਤਾ ਨੀ ਬੁੱਕਲ ਬਹਿਕੇ ਛੁਰੀ ਚਲਾਈ॥1॥

ਗੱਲ ਮੰਨਕੇ ਤੇਰੀ ਮੈਂ ਸਮਝਿਆ ਦੋਸ਼ੀ ਪੁੱਤ ਪਿਆਰਾ,
ਸੀ ਦੋਸ਼ ਤੁਮਾਰਾ ਜੋ ਉਸਦੇ ਸਿਰ ਤੂੰ ਲਾਇਆ ਸਾਰਾ,
ਤੇਰੀ ਚਾਲ ਚਲਾਈ ਜੋ ਮੇਰੇ ਰੱਤੀ ਸਮਝ ਨਾ ਆਈ,
ਤੂੰ ਧੋਖਾ ਕੀਤਾ ਨੀ ਬੁੱਕਲ ਬਹਿਕੇ ਛੁਰੀ ਚਲਾਈ॥2॥

ਬਣ ਜਮਾਂ ਨਿਆਣੀ ਤੂੰ ਕੀਤਾ ਬਹੁਤਾ ਵੱਡਾ ਕਾਰਾ,
ਖੋਲ ਜੁਲਫਾਂ ਸੀਸ ਦੀਆਂ ਕਰਤਾ ਜੱਗ ਤੋਂ ਕੰਮ ਨਿਆਰਾ,
ਖਣ ਪੱਟੀ ਲੈ ਲੀ ਸੀ ਹਾਕਾਂ ਮਾਰਕੇ ਮਸਾਂ ਬਲਾਈ,
ਤੂੰ ਧੋਖਾ ਕੀਤਾ ਨੀ ਬੁੱਕਲ ਬਹਿਕੇ ਛੁਰੀ ਚਲਾਈ॥3॥

ਤੇਰਾ ਪੁੱਤ ਲੱਗਦਾ ਸੀ ਜਿਸਤੇ ਕੀਤੀ ਨੀਤ ਤੂੰ ਮਾੜੀ,
ਤੈਂਨੂੰ ਮਾਤਾ ਕਹਿੰਦਾ ਸੀ ਕਿਉਂਕਿ ਤੂੰ ਸੀ ਮੇਰੀ ਲਾੜੀ,
ਉਸ ਬਾਲ ਅਨਾੜੀ ਦੀ ਤੂੰ ਨਾ ਕਦਰ ਚੰਦਰੀਏ ਪਾਈ,
ਤੂੰ ਧੋਖਾ ਕੀਤਾ ਨੀ ਬੁਕਲ ਬਹਿਕੇ ਛੁਰੀ ਚਲਾਈ॥4॥

ਮੇਰੀ ਮਜ਼ਬੂਰੀ ਦਾ ਤੁਸਾਂ ਨੇ ਪੂਰਾ ਲਾਭ ਉਠਾਇਆ,
ਨਾਰੀ ਦੇ ਰੰਗਾਂ ਦਾ ਮਰਦ ਨੂੰ ਕਦੇ ਭੇਤ ਨਾ ਆਇਆ,
ਝੂਠ ਸੱਚ ਬਣਾ ਦਿੱਤਾ ਆਪਨੇ ਐਸੀ ਖੇਡ ਰਚਾਈ,
ਤੂੰ ਧੋਖਾ ਕੀਤਾ ਨੀ ਬੁੱਕਲ ਬਹਿਕੇ ਛੁਰੀ ਚਲਾਈ॥5॥

ਤੂੰ ਤੁੰਮਾ ਟਿੱਬਿਆਂ ਦਾ ਮੈਂ ਨਾ ਸਮਝ ਸਕਿਆ ਇਹ ਬਾਤਾਂ,
ਬੱਦਲ ਬਣ ਛਾ ਗਿਆ ਨੀ ਕਰ ਰੂਪ ਤੇਰਾ ਕਰਾਮਾਤਾਂ,
ਕੀ ਫਾਇਦਾ ਖੱਟਿਆ ਮੈਂ ਅਗਨੀ ਰੂੰ ਦੇ ਵਿੱਚ ਛਪਾਈ,
ਤੂੰ ਧੋਖਾ ਕੀਤਾ ਨੀ ਬੁੱਕਲ ਬਹਿਕੇ ਛੁਰੀ ਚਲਾਈ॥6॥

ਤੇਰੀ ਜਿੰਦ ਮੁਕਾ ਦੇਣੀ ਕਰਲੈ ਜੋ ਆਪਨੇ ਕਰਨਾ,
ਖਲ ਤੂੜੀ ਭਰਕੇ ਤੇ ਗੱਡਣਾ ਵਿੱਚ ਖੇਤ ਦੇ ਡਰਨਾ,
ਸਭ ਏਹੀ ਆਖਣਗੇ ਐਸਾ ਪਾਉਂਦੀ ਫਲ ਚਤਰਾਈ,
ਤੂੰ ਧੋਖਾ ਕੀਤਾ ਨੀ ਬੁਕਲ ਬਹਿਕੇ ਛੁਰੀ ਚਲਾਈ॥7॥

ਹੋਜਾ ਦੂਰ ਅੱਖੀਆਂ ਤੋਂ ਤੇਰਾ ਆ ਗਿਆ ਵਕਤ ਅਖੀਰੀ,
ਪਤੀ ਪਤਨੀ ਵਾਲੀ ਜੋ ਟੁੱਟਗੀ ਆਪਣੀ ਅੱਜ ਸਕੀਰੀ,
ਰੱਬ ਕਦੇ ਮਿਲਾਵੇ ਨਾ ਭੰਮਿਆਂ ਧੋਖੇ ਬਾਜ਼ ਲੁਗਾਈ,
ਤੂੰ ਧੋਖਾ ਕੀਤਾ ਨੀ ਬੁਕਲ ਬਹਿਕੇ ਛੁਰੀ ਚਲਾਈ॥8॥

## ਕਬਿੱਤ

ਵੇਖਿਆ ਕ੍ਰੋਧਵਾਨ ਰਾਜਾ ਜਦ ਗੁਰੂਆਂ ਨੇ,
ਝੱਟ ਪੱਟ ਬੋਲ ਕਹਿੰਦੇ ਰਾਜਾ ਪਿੱਛੇ ਹੱਟ ਜੀ,
ਬਾਲ ਅਤੇ ਨਾਰੀ ਉੱਤੇ ਕਰੀਦਾ ਨੀ ਵਾਰ ਕਦੀ,
ਇੰਨ੍ਹਾਂ ਦਾ ਕੀ ਜੋਰ ਚਲੇ ਚਾਹੇ ਧੋਣ ਕੱਟ ਜੀ,

ਦੋਸ਼ੀ ਤਾਂਈ ਮਾਫੀ ਦੇਣੀ ਕੰਮ ਹੁੰਦਾ ਸੂਰਮੇ ਦਾ,
ਹੋਈ ਜਿਹੜੀ ਭੁੱਲ ਹੁਣ ਅੱਗੇ ਜੱਸ ਖੱਟ ਜੀ,
ਸਭ ਨਾਲੋ ਖੋਟ ਰਾਜਾ ਜਾਪਦਾ ਤੁਸਾਂ ਦੇ ਵਿੱਚ,
ਹੋਜੂ ਸਭ ਠੀਕ ਭੰਮੇ ਰਾਮ ਰਾਮ ਰੱਟ ਜੀ॥

## ਦਵੀਯਾ ਛੰਦ

ਰਾਜੇ ਰਾਣੀ ਮੁੱਖੋਂ ਸੁਣਕੇ ਸਾਧੂ ਗੱਲ ਬਤਾਉਂਦੇ,
ਜਿਹੜੇ ਲਾਲ ਤੁਸਾਂ ਨੇ ਰੋਲੇ ਨਹੀਂ ਮੁੱਲ ਨੂੰ ਥਿਆਉਂਦੇ,
ਸੱਚੀ ਗੱਲ ਮੈਂ ਸਦਾ ਬੋਲਣੀ ਏਹੋ ਧਰਮ ਹੈ ਮੇਰਾ,
ਨਾ ਬਾਲਕ ਨਾ ਰਾਣੀ ਦੋਸ਼ੀ ਦੋਸ਼ ਰਾਜਨਾ ਤੇਰਾ ।1।

ਗੱਭਰੂ ਹੋਂਵਣ ਪੁੱਤ ਰਾਜਿਆ ਨਾ ਚੰਗੀ ਹੈ ਸ਼ਾਦੀ,
ਰੌਣਕ ਲਾਕੇ ਖੰਭ ਉਡਦੀ ਘਰ ਆਉਂਦੀ ਬਰਬਾਦੀ,
ਦੁੱਧ ਪੁੱਤ ਨਾ ਚੰਗੇ ਰਹਿੰਦੇ ਕਾਗੋਂ ਬਾਝ ਬਨੇਰਾ,
ਨਾ ਬਾਲਕ ਨਾ ਰਾਣੀ ਦੋਸ਼ੀ ਦੋਸ਼ ਰਾਜਨਾ ਤੇਰਾ ।2।

ਉਮਰ ਵਡੇਰੀ ਚੰਗਾ ਹੁੰਦਾ ਸੰਜਮ ਦੇ ਵਿੱਚ ਰਹਿਣਾ,
ਧਿਆਨ ਏਸਦਾ ਜੋ ਨਾ ਰੱਖੇ ਪੈਂਦਾ ਹੈ ਦੁੱਖ ਸਹਿਣਾ,
ਤੁਸੀਂ ਨਾ ਕੀਤੀ ਸਮਝ ਏਸਦੀ ਤੋੜ ਸੁਟਿਆ ਘੇਰਾ,
ਨਾ ਬਾਲਕ ਨਾ ਰਾਣੀ ਦੋਸ਼ੀ ਦੋਸ਼ ਰਾਜਨਾ ਤੇਰਾ ।3।

ਚੰਗਾ ਹੁੰਦਾ ਪੁੱਤਰ ਵਿਆਉਂਦਾ ਖੁਸ਼ੀ ਮਨਾਉਂਦੇ ਸਾਰੇ,
ਪੁੱਤ ਪੋਤਿਆਂ ਵਿੱਚ ਖੇਡਦਾ ਲੈਂਦਾ ਖੂਬ ਨਜਾਰੇ,
ਸੁੱਖ ਭਾਲਦਾ ਦੁੱਖੀਂ ਫਸਿਆ ਹੁਣ ਨੀ ਚਲਦਾ ਚੇਰਾ,
ਨਾ ਬਾਲਕ ਨਾ ਰਾਣੀ ਦੋਸ਼ੀ ਦੋਸ਼ ਰਾਜਨਾ ਤੇਰਾ ।4।

ਤੇਰਾ ਢਲਿਆ ਜੋਬਨ ਰਾਜਾ ਰਾਣੀ ਜੋਬਨ ਪੂਰਾ,
ਹਾਣ ਨੂੰ ਹੁੰਦਾ ਹਾਣ ਪਿਆਰਾ ਹੈ ਮੁੱਢਲਾ ਦਸਤੂਰਾ,
ਕਿਸ਼ੋਰ ਅਵਸਥਾ ਨਹੀਂ ਜਾਣਦੀ ਉਬਲੇ ਦੁੱਧ ਵਥੇਰਾ,
ਨਾ ਬਾਲਕ ਨਾ ਰਾਣੀ ਦੋਸ਼ੀ ਦੋਸ਼ ਰਾਜਨਾ ਤੇਰਾ ।5।

ਹਰ ਔਰਤ ਦੀ ਇੱਛਿਆ ਹੁੰਦੀ ਚੋਬਰ ਹੋਵੇ ਮਾਹੀ,
ਜੋੜੀ ਤੱਕ ਦੰਗ ਹੋ ਜਾਵਣ ਵੇਖਣ ਵਾਲੇ ਰਾਹੀ,
ਛੋਟੀ ਉਮਰ ਵਡੇਰਾ ਮਾਹੀ ਲੱਗਦਾ ਨਹੀਂ ਚੰਗੇਰਾ,
ਨਾ ਬਾਲਕ ਨਾ ਰਾਣੀ ਦੋਸ਼ੀ ਦੋਸ਼ ਰਾਜਨਾ ਤੇਰਾ ।6।

ਧਰਮ ਬਚਾਉਂਣ ਦੀ ਖਾਤਰ ਬੇਟਾ ਭੱਜਿਆ ਜਾਨ ਬਚਾਕੇ,
ਝੂਠ ਨੂੰ ਸੱਚ ਬਣਾਤਾ ਰਾਣੀ ਦੋਸ਼ ਅਨੇਕਾ ਲਾਕੇ,
ਛਾਣ ਸਕੇ ਨਾ ਸੱਚ ਤੁਸੀਂ ਵੀ ਭੇਜਿਆ ਵਣੀ ਵਟੇਰਾ,
ਨਾ ਬਾਲਕ ਨਾ ਰਾਣੀ ਦੋਸ਼ੀ ਦੋਸ਼ ਰਾਜਨਾ ਤੇਰਾ ।7।

ਵਕਤੋਂ ਪਹਿਲਾਂ ਵਕਤੋਂ ਪਿੱਛੋ ਜੇਹੜੇ ਕਾਜ਼ ਰਚਾਉਂਦੇ,
ਆਪਦੇ ਵਾਂਗੂ ਹਰਦਮ ਰਾਜਾ ਬਹੁਤੇ ਦੁੱਖ ਹੰਡਾਉਂਦੇ,
ਜੋ ਹੋਣਾ ਸੀ ਉਹਤਾਂ ਹੋਇਆ ਉਡੀਕੋਂ ਨਵਾਂ ਸਵੇਰਾ,
ਨਾ ਬਾਲਕ ਨਾ ਰਾਣੀ ਦੋਸ਼ੀ ਦੋਸ਼ ਰਾਜਨਾ ਤੇਰਾ ।8।

ਅਸ਼ੀਰਬਾਦ ਹੈ ਤੈਨੂੰ ਰਾਜਾ ਮਿਲਣੇ ਬਾਲ ਪਿਆਰੇ,
ਸੀਨੇ ਦੇ ਨਾਲ ਲੱਗਣੇ ਆਕੇ ਭੁਲ ਜਾਣੇ ਦੁਖ ਸਾਰੇ,
ਰੂਪ ਨਿਰਪ ਹੈ ਮਿਸਰ ਦੇਸ਼ ਦਾ ਬਸੰਤ ਵਜ਼ੀਰ ਉਚੇਰਾ,
ਨਾ ਬਾਲਕ ਨਾ ਰਾਣੀ ਦੋਸ਼ੀ ਦੋਸ਼ ਰਾਜਨਾ ਤੇਰਾ ।9।

## ਕਬਿੱਤ

ਪੁੱਤਰਾਂ ਦਾ ਨਾਂ ਸੁਣ ਆ ਗਿਆ ਖੁਸ਼ੀ ’ਚ ਰਾਜਾ,
ਗੁਰੂਆਂ ਦੇ ਚਰਨਾਂ ਤੇ ਰੱਖ ਦਿੱਤਾ ਸੀਸ ਜੀ।
ਵਾਰ ਵਾਰ ਕਹੀ ਜਾਵੇ ਨੇਤਰਾਂ ‘ਚੋਂ ਨੀਰ ਸਿੱਟ,
ਪੁੱਤਰ ਮਿਲਾਓ ਮੈਨੂੰ ਲੈ ਲੋ ਪ੍ਰਾਣ ਫੀਸ ਜੀ।
ਉਹਨਾਂ ਦਾ ਦਰਸ਼ ਕਦੇ ਵੇਖਿਆ ਨਾਂ ਸੁਪਨੇ ’ਚ,
ਵਿਛੜਿਆਂ ਨੂੰ ਹੋ ਗਏ ਨੇ ਸਾਲ ਪੂਰੇ ਬੀਸ ਜੀ।
ਛੇਤੀ ਦੇਣੇ ਦੱਸ ਸਾਂਈ ਕਿਸ ਵਿਧ ਮੇਲ ਹੋਵੇ,
ਠੰਡੀ ਠਾਰ ਹੋਜੇ ਭੰਮੇ ਸੀਨੇ ਵਾਲੀ ਚੀਸ ਜੀ॥

## ਕਬਿੱਤ

ਅੱਖੀਆਂ 'ਚ ਨੀਰ ਵੇਖ ਹੋਏ ਨੇ ਦਿਆਲ ਪੂਰੇ,
ਆਖਦੇ ਨਿਰਪ ਤਾਂਈ ਸਾਧੂ ਮੁੱਖੋਂ ਬੋਲ ਜੀ।
ਧੀਰਜ਼ ਬਣਾਕੇ ਰੱਖ ਚਲਾਂਗੇ ਜਰੂਰ ਆਪਾ,
ਮਿਲਣੇ ਪਿਆਰੇ ਸੁਤ ਹੁਣ ਨਾ ਤੂੰ ਡੋਲ ਜੀ।
ਕਰ ਦਿਓ ਖਬਰ ਜਾਕੇ ਸ਼ਹਿਰ ਵਿੱਚ ਵਾਸੀਆਂ ਨੂੰ,
ਰੂਪ ਤੇ ਬਸੰਤ ਆਉਣੇ ਨੱਚੋ ਨਾਲ ਢੋਲ ਜੀ।
ਕਲ ਨੂੰ ਸਵੇਰੇ ਤੁਸਾਂ ਜੋੜਕੇ ਲਿਆਉਣਾ ਰੱਥ,
ਚਲਾਂਗੇ ਮਿਸਰ ਦੇਸ਼ ਆਪਾਂ ਭੰਮੇ ਕੋਲ ਜੀ॥

## ਦੋਹਿਰਾ

ਵਿੱਚ ਦਰਬਾਰ ਦੇ ਸੱਦਲੇ,ਸਾਰਥੀ ਔਰ ਵਜ਼ੀਰ,
ਸੁਣਲੋ ਮੇਰੇ ਸਾਥੀਓ ਮੇਰੀ ਇੱਕ ਨਜ਼ੀਰ।

## ਮਨੋਹਰ ਭਵਾਨੀ ਛੰਦ

ਰਾਜਾ ਹੁਕਮ ਸੁਣਾਵੇ,ਕੋਲ ਸਾਰਥੀ ਬਲਾਵੇ,
ਉਹਨੂੰ ਗੱਲ ਸਮਝਾਵੇ,ਸੁਣੋ ਗੌਰ ਨਾਲ ਜੀ,
ਜਾਣਾ ਹੈ ਮਿਸ਼ਰ ਆਪਾ ਲੈਣ ਲਾਲ ਜੀ।

ਰੱਥ ਜੋੜਕੇ ਲਿਆਵੋ,ਦੇਰੀ ਪਲ ਦੀ ਨਾ ਲਾਵੋ,
ਨਾਲ ਹੇਮ ਦੇ ਸਜਾਵੋ, ਕਰਲੋ ਤਿਆਰੀਆਂ,
ਆਉਣੀਆਂ ਸ਼ਹਿਰ ਸੂਰਤਾਂ ਪਿਆਰੀਆਂ॥1॥

ਨਾਲੇ ਸੱਦਲੇ ਵਜ਼ੀਰ, ਕਹਿੰਦਾ ਸੁਣਲੋ ਨਜ਼ੀਰ,
ਮੇਰੀ ਬੇਨਤੀ ਅਖੀਰ,ਕਰੋ ਮਨਜੂਰ ਜੀ,
ਗਲੀਆਂ 'ਚ ਹੋਵੇ ਰੋਸ਼ਨੀ ਜਰੂਰ ਜੀ।

ਕਰੋ ਚੌਕਾਂ 'ਚ ਸਫਾਈ,ਸਾਰੇ ਰਲ ਭੈਣ ਭਾਈ,
ਪੂਰੀ ਹੋਵੇ ਰੋਸ਼ਨਾਈ,ਹੋਣ ਰੰਗਧਾਰੀਆਂ,
ਆਉਣੀਆਂ ਸ਼ਹਿਰ ਸੂਰਤਾਂ ਪਿਆਰੀਆਂ॥2॥

ਗੋਟ ਕਰੋ ਰੰਗਦਾਰ,ਜੈਸੇ ਨਵ ਵਿਆਹੀ ਨਾਰ,
ਦੂਰੋਂ ਪੈਣ ਚਮਕਾਰ,ਵਾਂਗ ਹੀਰੇ ਹਾਰ ਦੇ,
ਖੁਸ਼ ਹੋਣ ਤੱਕ ਸੀਨੇ ਜੋ ਕੁਮਾਰ ਦੇ।

ਗੁੰਦੋ ਫੁੱਲਾਂ ਵਾਲੇ ਹਾਰ,ਟੰਗੋ ਸਗਲੇ ਬਜ਼ਾਰ,
ਆਉਣ ਲਪਟਾਂ ਹਜਾਰ,ਸਭ ਤੋਂ ਨਿਆਰੀਆਂ,
ਆਉਣੀਆਂ ਸ਼ਹਿਰ ਸੂਰਤਾਂ ਪਿਆਰੀਆਂ॥3॥

ਵੀਨਾਂ ਢੋਲਕ ਵਜਾਓ,ਲੀੜੇ ਰੰਗਦਾਰ ਪਾਓ,
ਛੰਦ ਕੇਸਰੀ ਸਣਾਓ,ਹੇਕਾਂ ਲਾਕੇ ਉਚੀਆਂ,
ਆਉਣਗੀਆਂ ਰੂਹਾਂ ਮੋਤੀਆਂ ਤੋਂ ਸੁੱਚੀਆਂ।

ਹੋਕਾ ਦੇਣਾ ਭੰਮੇ ਸਾਰੇ,ਆਉਣੇ ਬਾਲਕੇ ਪਿਆਰੇ,
ਪੁੱਜੋ ਰਾਜ ਦਰਬਾਰੇ,ਸਭ ਨਰ ਨਾਰੀਆਂ,
ਆਉਣੀਆਂ ਸ਼ਹਿਰ ਸੂਰਤਾਂ ਪਿਆਰੀਆਂ॥4॥

## ਕਬਿੱਤ

ਗੁਰੂਆਂ ਦੇ ਸੰਗ ਰਾਜਾ ਚੱਲਿਆ ਮਿਸ਼ਰ ਦੇਸ਼,
ਪੁੱਤਾਂ ਨੂੰ ਮਿਲਣ ਵਾਲਾ ਮਨ ਬਹੁਤਾ ਚਾਅ ਜੀ।
ਹੁੰਦੀਐ ਅਪਾਰ ਖੁਸ਼ੀ ਲੱਭਜੇ ਗੁਆਚੀ ਚੀਜ਼,
ਗੱਦ ਗੱਦ ਹੁੰਦਾ ਮਨ ਉਹਨੂੰ ਸੀਨੇ ਲਾਅ ਜੀ।
ਸਾਰਥੀ ਨੂੰ ਕਹੇ ਰਾਜਾ ਛੇਤੀ ਛੇਤੀ ਤੋਰ ਰੱਥ,
ਕਰੀਏ ਦੀਦਾਰ ਆਪਾਂ ਉਹਨਾਂ ਕੋਲ ਜਾ ਜੀ।
ਕਿਸਮਤ ਚੰਗੀ ਮੇਰੀ ਮਿਲਗੇ ਦੁਬਾਰਾ ਮੋਤੀ,
ਮਿਲਦੇ ਨਾ ਜਿਹੜੇ ਭੰਮੇ ਮੰਡੀ ਕਿਸੇ ਭਾਅ ਜੀ॥

## ਦੋਹਿਰਾ

ਮਿਸਰ ਦੇਸ਼ ਮੇ ਪਹੁੰਚਕੇ ਖੜੇ ਬਾਗ ਦੇ ਕੋਲ,
ਮਾਲੀ ਤਾਂਈ ਦੱਸਦੇ ਇੱਕ ਸੰਦੇਸ਼ਾ ਬੋਲ।

## ਦੋਹਿਰਾ

ਲੈ ਸੰਦੇਸ਼ਾ ਪੁਜਿਆ ਮਾਲੀ ਵਿੱਚ ਦਰਬਾਰ,
ਮਿਲਣ ਆਏ ਆਪ ਨੂੰ ਮਾਲੀ ਕਹੇ ਪੁਕਾਰ॥

## ਬੈਂਤ

ਮਾਲੀ ਆਖਦਾ ਜੋੜਕੇ ਹੱਥ ਦੋਵੇਂ ਮੇਰੀ ਆਪ ਨੂੰ ਹੈ ਨਮਸਕਾਰ ਰਾਜਾ।
ਸੁਨੇਹਾ ਇੱਕ ਮੈਂ ਆਇਆ ਖਾਸ ਲੈਕੇ ਨਾਲ ਧਿਆਨ ਦੇ ਸੁਣੀ ਪੁਕਾਰ ਰਾਜਾ।
ਗੁਰੂ ਆਪਦੇ ਜਿੰਨਾਂ ਦੇ ਦਰਸ਼ ਕੀਤੇ ਬਾਕੀ ਤਿੰਨਾਂ ਦੀ ਨਹੀਂ ਹੈ ਸਾਰ ਰਾਜਾ।
ਮੈਨੂੰ ਭੇਜਿਆ ਉਹਨਾਂ ਨੇ ਪਾਸ ਤੇਰੇ ਮਿਲਣਾ ਆਪ ਨੂੰ ਕਰਨ ਵਿਚਾਰ ਰਾਜਾ।
ਬਾਗ ਵਿੱਚ ਜਦ ਪਾਏ ਨੇ ਪੈਰ ਉਹਨਾਂ ਆਈ ਬਾਗ ਦੇ ਵਿੱਚ ਬਹਾਰ ਰਾਜਾ।
ਵਾਂਗ ਸਸੀ ਦੇ ਚਮਕਦੇ ਭਾਲ ਵੇਖੇ ਦੰਦ ਦਾਣੇ ਨੇ ਜਿਵੇਂ ਅਨਾਰ ਰਾਜਾ।
ਖੜਗਸੈਨ ਮੈਂ ਸੁਣਿਆ ਨਾਮ ਮੁਖੋਂ ਸੰਗਲਦੀਪ ਦੀ ਕਹਿੰਦੇ ਸਰਕਾਰ ਰਾਜਾ।
ਦੇਰੀ ਚੰਗੀ ਨਾ ਨਿਰਪ ਜੀ ਇੱਕ ਪਲ ਦੀ ਛੇਤੀ ਜਾਣ ਲਈ ਹੋਜੋ ਤਿਆਰ ਰਾਜਾ।
ਮੰਨਕੇ ਬਨੇਤੀ ਭੰਮੇ ਦਾਸ ਦੀ ਜੀ ਕਰੋ ਗੁਰਾਂ ਦੇ ਜਾਕੇ ਦੀਦਾਰ ਰਾਜਾ॥

## ਕਬਿੱਤ

ਮਾਲੀ ਮੱਖੋਂ ਗੱਲ ਸੁਣ ਹੋਈਐ ਅਪਾਰ ਖੁਸ਼ੀ,
ਗੁਰੂ ਸੰਗ ਪਿਤਾ ਆਏ ਚੜ੍ਹਿਆ ਸਰੂਰ ਜੀ।
ਸੱਦਕੇ ਬਸੰਤ ਤਾਂਈ ਆਖਦਾ ਨਿਰਪ ਰੂਪ,
ਕਰਲੋ ਤਿਆਰੀ ਆਪਾਂ ਚਲਣਾ ਜਰੂਰ ਜੀ।
ਫਲ ਫੁੱਲ ਕੱਠੇ ਕਰੋ ਅਤਰ ਫਲੇਲ ਨਾਲੇ,
ਭਾਗਾਂ ਵਾਲਾ ਦਿਨ ਆਇਆ ਛਿੜਕੋ ਸੰਧੂਰ ਜੀ।
ਬੜੇ ਚਿਰਾਂ ਬਾਦ ਹੋਣੇ ਦਰਸ਼ ਮਹਾਤਮਾ ਦੇ,
ਪਿਤਾ ਸ਼੍ਰੀ ਨਾਲ ਆਏ ਹੋਣ ਦੁੱਖ ਦੂਰ ਜੀ॥

## ਦੋਹਿਰਾ

ਪਹੁੰਚੇ ਨੇੜੇ ਬਾਗ ਦੇ ਰੂਪ ਬਸੰਤ ਕੁਮਾਰ,
ਚਰਨੀ ਮੱਥਾ ਟੇਕਦੇ ਕਰਦੇ ਨਮਸਕਾਰ।

## ਦੋਹਿਰਾ

ਖੜਗਸੈਨ ਦੇ ਕੋਲ ਜਦ ਗਏ ਰੂਪ ਬਸੰਤ,
ਛਾਤੀ ਦੇ ਨਾਲ ਲਾਂਵਦਾ ਦੋਹਾਂ ਤਾਂਈ ਤੁਰੰਤ॥

## ਦੋਤਾਰਾ ਛੰਦ

ਤੱਕ ਪੁੱਤਰ ਰਾਜੇ ਦੇ ਅੱਥਰੂ ਨੈਣਾਂ ਦੇ ਵਿੱਚ ਆਏ,
ਖਿੱਚ ਸੀਨੇ ਲਾਉਂਦਾ ਹੈ ਰਾਮ ਨੇ ਵਿਛੜੇ ਆਪ ਮਿਲਾਏ,
ਮੈਂਨੂੰ ਮਾਫ ਕਰੋ ਬੇਟਾ ਮੈਥੋਂ ਹੋ ਗਈ ਗਲਤੀ ਭਾਰੀ,
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ॥1॥

ਮੁੱਖ ਚੁੰਮੇ ਦੋਹਾਂ ਦਾ ਨਾਲੇ ਸਿਰ ਵਿੱਚ ਉਗਲਾਂ ਫੇਰੇ
ਬੱਚਿਆਂ ਬਿਨ ਚੰਗੇ ਨਾ ਹੋਵਣ ਚਾਹੇ ਸੁੱਖ ਵਥੇਰੇ,
ਬੁੱਕਲ ਵਿੱਚ ਲ਼ੈਂਦਾ ਹੈ ਦੋਹਾਂ ਨੂੰ ਰਾਜਾ ਵਾਰੋ ਵਾਰੀ,
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ॥2॥

ਯਾਦ ਆਈ ਰਾਣੀ ਦੀ ਤੱਕਿਆ ਜਦੋਂ ਰੂਪ ਦਾ ਚੇਹਰਾ,
ਤੂੰ ਕਹਿੰਦੀ ਹੁੰਦੀ ਸੀ ਰਾਜਾ ਰੂਪ ਹੈ ਪੁੱਤਰ ਮੇਰਾ,
ਹੈ ਬਸੰਤ ਤੁਮਾਰਾ ਜੀ ਕਰਦਾ ਥੋਡੇ ਵਾਂਗੂ ਤਿਆਰੀ,
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ॥3॥

ਮੁੱਖੋਂ ਬੋਲਿਆ ਜਾਂਦਾ ਨੀ ਰਾਜਾ ਹੁੱਬਕੀ ਹੁੱਬਕੀ ਰੋਵੇ,
ਤੱਕ ਸੀਨ ਅਨੋਖੇ ਨੂੰ ਸਭ ਦਾ ਹਿਰਦਾ ਪਾਣੀ ਹੋਵੇ,
ਵਿਛੜੇ ਜਦ ਮਿਲਦੇ ਨੇ ਟੁੱਟਦੀ ਦੂਰੀਆਂ ਭਰੀ ਬਖਾਰੀ,
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ॥4॥

ਰੂਪ ਅਰਜ਼ਾਂ ਕਰਦਾ ਹੈ ਪਿਤਾ ਜੀ ਭੁਲੋ ਗੱਲ ਪੁਰਾਣੀ,
ਪੜੋ ਦਸ਼ਰਥ ਰਾਜੇ ਦੀ ਜਮਾਂ ਸੀ ਆਪਣੇ ਵਾਂਗ ਕਹਾਣੀ,
ਨਾ ਦੋਸ਼ੀ ਕੋਈਐ ਰਾਮ ਦੀ ਖੇਡ ਪਿਤਾ ਜੀ ਨਿਆਰੀ,
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ॥5॥

ਬਸੰਤ ਡਿੱਗਿਆ ਪੈਰਾਂ ਤੇ ਪਿਤਾ ਜੀ ਸਾਡੇ ਭਾਗ ਵਡੇਰੇ,
ਹੋਏ ਦਰਸ਼ ਤੁਮਾਰੇ ਨੇ ਚਿੱਤ ਵਿੱਚ ਚਾਨਣ ਦੂਰ ਹਨੇਰੇ,
ਸੇਵਾ ਚੰਗੀ ਮਾਪਿਆਂ ਦੀ ਸਭ ਨੇ ਇਹੋ ਗੱਲ ਉਚਾਰੀ,
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ॥6॥

ਰਾਜਾ ਆਖੇ ਪੁੱਤਰਾਂ ਨੂੰ ਗਲਤੀ ਬਖਸ਼ੋ ਬੱਚਿਓ ਮੇਰੀ,
ਤੁਸੀਂ ਸੁੱਚੇ ਮੋਤੀ ਹੋ ਮੇਰੀ ਅਕਲ ਖੋਟ ਨੇ ਘੇਰੀ,
ਪਿਛੇ ਲੱਗਿਆ ਦੋਸ਼ੀ ਦੇ ਮੈਂ ਨਾ ਅਸਲੀ ਬਾਤ ਵਿਚਾਰੀ,
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ॥7॥

ਮੇਰੀ ਅਰਜ਼ੀ ਮੰਨਕੇ ਤੇ ਚਲਣਾ ਤੁਸਾਂ ਨੇ ਸੰਗ ਹਮਾਰੇ,
ਸੰਗਲਦੀਪ ਉਡੀਕ ਰਿਹਾ ਨਾਲੇ ਥੋਡੇ ਮਿੱਤਰ ਪਿਆਰੇ
ਮੁੱਖੋਂ ਨਹੀਂ ਬੋਲਣਾ ਜੀ ਮੰਨਣੀ ਮੇਰੀ ਮਿੰਨਤ ਪੁਕਾਰੀ,
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ॥8॥

ਗੁਰੂ ਕਹਿੰਦੇ ਰਾਜੇ ਨੂੰ ਰਾਜਾ ਇਹ ਸੀ ਕੰਮ ਹਮਾਰਾ,
ਵਿਛੜਿਆਂ ਨੂੰ ਮੇਲ ਦੇਣਾ ਮੇਲਕੇ ਆਉਂਦਾ ਬੜਾ ਨਜ਼ਾਰਾ,
ਭੰਮਿਆਂ ਦੇ ਮੁੰਡੇ ਨੂੰ ਅਜੇ ਨੀ ਆਉਂਦੀ ਕਿੱਸਾਕਾਰੀ,
ਰਾਜੇ ਦੇ ਹੰਝੂਆਂ ਨੇ ਗਿੱਲੀ ਕਰਤੀ ਵਰਦੀ ਸਾਰੀ॥9॥

## ਕਬਿੱਤ

ਆਖਦੇ ਰਮਣ ਗੁਰੂ ਕੋਲੇ ਸੱਦ ਚੇਲਿਆਂ ਨੂੰ,
ਪਿਤਾ ਸੰਗ ਜਾਓ ਬੱਚਾ ਖੁਸ਼ੀਆਂ ਦੇ ਨਾਲ ਜੀ।
ਵੱਡਿਆਂ ਦੀ ਸੇਵਾ ਕਰੇ ਦੱਸਦੇ ਗ੍ਰੰਥ ਸਾਰੇ,
ਰੰਕ ਰਾਠ ਸੂਰਾ ਹੋਵੇ ਚਾਹੇ ਨਰਪਾਲ ਜੀ।
ਤੀਰਥ ਨਾ ਐਦੂੰ ਵੱਡਾ ਵੇਖਿਆ ਜਗਤ ਵਿੱਚ,
ਕਰਕੇ ਦਰਸ਼ ਜੀਹਦੇ ਟੱਲ ਜਾਵੇ ਕਾਲ ਜੀ।
ਗੁਰੂ ਮਾਤਾ ਪਿਤਾ ਵਿੱਚ ਹੁੰਦਾ ਨਾ ਫਰਕ ਕੋਈ,
ਜਿਸਨੂੰ ਸਮਝ ਭੰਮੇ ਸਮਝੋ ਮਰਾਲ ਜੀ॥

## ਦੋਹਿਰਾ

ਦੇਕੇ ਐਸੀ ਸਿਖਿਆ ਸਾਧੂ ਗਏ ਸਧਾਰ,
ਧੰਨ ਤੇਰੀਆਂ ਕੁਦਰਤਾਂ ਤੂੰ ਹੀ ਰਚਨਹਾਰ॥

## ਕੇਸਰੀ ਛੰਦ

ਕਰਕੇ ਤਿਆਰੀ ਆਗੇ ਦੋਵੇਂ ਵੀਰ ਜੀ,
ਖੁਸ਼ੀਆਂ ਦਾ ਨੈਣਾਂ ਵਿਚੋਂ ਚੱਲੇ ਨੀਰ ਜੀ,
ਗੱਦ ਗੱਦ ਰਾਜਾ ਤੱਕਕੇ ਨਰੇਸ਼ ਨੂੰ,
ਪੁੱਤਰਾਂ ਸਮੇਤ ਰਾਜਾ ਜਾਵੇ ਦੇਸ਼ ਨੂੰ॥1॥

ਬੈਠਗੇ ਕੁੰਵਰ ਆਕੇ ਪਿਤਾ ਸੰਗ ਜੀ,
ਦੋਹਾਂ ਦੇ ਮੁਖਾਰ ਤੇ ਖੁਸ਼ੀ ਦੇ ਰੰਗ ਜੀ,
ਵੇਖੀ ਜਾਵੇ ਰਾਜਾ ਦੋਹਾਂ ਵਾਲੇ ਫੇਸ ਨੂੰ,
ਪੁੱਤਰਾਂ ਸਮੇਤ ਰਾਜਾ ਜਾਵੇ ਦੇਸ਼ ਨੂੰ॥2॥

ਕਦੇ ਵੇਖੇ ਰੂਪ ਤੇ ਬਸੰਤ ਵੱਲ ਜੀ,
ਗੱਭਰੂ ਨੇ ਪੂਰੇ ਜੈਸੇ ਹੋਣ ਮੱਲ ਜੀ,
ਰੂਪਾਵਤੀ ਰਾਣੀ ਤੱਕ ਸੀਨ ਏਸ ਨੂੰ,
ਪੁੱਤਰਾਂ ਸਮੇਤ ਰਾਜਾ ਜਾਵੇ ਦੇਸ਼ ਨੂੰ॥3॥

ਮੰਗਿਆ ਸੀ ਇੱਕ ਮੈਂਨੂੰ ਦਿੱਤੀ ਜੋੜੀਐ,
ਕ੍ਰਿਪਾ ਗੁਰਾਂ ਦੀ ਸੁੱਖਾਂ ਪਾਈ ਮੋੜੀਐ,
ਕੋਟੀ ਕੋਟਿ ਬੰਦਨਾਂ ਗੁਰਾਂ ਦੇ ਭੇਸ ਨੂੰ,
ਪੁੱਤਰਾਂ ਸਮੇਤ ਰਾਜਾ ਜਾਵੇ ਦੇਸ਼ ਨੂੰ॥4॥

ਬੁੱਝ ਗਿਆ ਦੀਪ ਦੂਜੀ ਵਾਰ ਜੱਲਿਆ,
ਪੁੱਤਾਂ ਦਾ ਵਿਛੋੜਾ ਦੇਹੀ ਉੱਤੇ ਝੱਲਿਆ,
ਹੁਣ ਰੱਖੀ ਦੂਰ ਸਾਡੇ ਕੋਲੋ ਠੇਸ ਨੂੰ,
ਪੁੱਤਰਾਂ ਸਮੇਤ ਰਾਜਾ ਜਾਵੇ ਦੇਸ਼ ਨੂੰ॥5॥

ਆਉਦੇ ਜਾਂਦੇ ਰਾਹੀ ਤੱਕਕੇ ਹੈਰਾਨ ਨੇ,
ਰੱਥ ਉਤੇ ਮੂਰਤਾਂ ਇੱਕੋ ਸਮਾਨ ਨੇ,
ਲ਼ੱਗਦੇ ਨੇ ਜਾਂਦੇ ਕਾਰਜ ਵਿਸ਼ੇਸ਼ ਨੂੰ,
ਪੁੱਤਰਾਂ ਸਮੇਤ ਰਾਜਾ ਜਾਵੇ ਦੇਸ਼ ਨੂੰ॥6॥

ਦੇਵੀ ਦੇਵ ਖੁਸ਼ ਹੋ ਗਿਆ ਮਿਲਾਣ ਜੀ,
ਰੂਪ ਤੇ ਬਸੰਤ ਜਤੀ ਸਤੀ ਜਾਣ ਜੀ,
ਜਿੱਤਗੇ ਨੇ ਭਾਈ ਪੰਜਾਂ ਕੋਲੋ ਰੇਸ ਨੂੰ,
ਪੁੱਤਰਾਂ ਸਮੇਤ ਰਾਜਾ ਜਾਵੇ ਦੇਸ਼ ਨੂੰ॥7॥

ਹੱਥ ਜੋੜ ਕਰਦਾ ਅਰਜ਼ ਰਾਮ ਨੂੰ,
ਸੁਤਾ ਸੁਤ ਰਾਜ਼ੀ ਰਾਜ਼ੀ ਰੱਖੀ ਬਾਮ ਨੂੰ,
ਰਾਜੀ ਰੱਖੀ ਮੇਰੇ ਗੁਰੂ ਦਰਵੇਸ਼ ਨੂੰ,
ਪੁੱਤਰਾਂ ਸਮੇਤ ਰਾਜਾ ਜਾਵੇ ਦੇਸ਼ ਨੂੰ॥8॥

## ਦੋਹਿਰਾ

ਪੁੱਜਿਆ ਸੰਗਲਦੀਪ ਮੇਂ ਰਾਜਾ ਸਣੇ ਕੁਮਾਰ,
ਚਾਰੇ ਪਾਸੇ ਰੌਣਕਾਂ ਚਲਣ ਬੰਬ ਅਨਾਰ॥

## ਮੁਕੰਦ ਛੰਦ

ਵਾਸੀਆਂ ਨੂੰ ਖੁਸ਼ੀ ਹੋਈਐ ਅਪਾਰ ਜੀ,
ਰੱਥ ਅੱਗੇ ਨੱਚਦੇ ਨੇ ਨਰ ਨਾਰ ਜੀ,
ਤੱਕਕੇ ਕੁੰਵਰ ਹੋਈ ਜਾਂਦੇ ਦੰਗ ਜੀ,
ਖੁਸ਼ੀਆਂ ’ਚ ਖੇਡਦੇ ਗੁਲਾਲੀ ਰੰਗ ਜੀ॥1॥

ਮੇਲੇ ਵਾਂਗ ਰੌਣਕਾਂ ਚੁਫੇਰੇ ਲੱਗੀਆਂ,
ਚੌਕਾਂ ਵਿੱਚ ਬੱਤੀਆਂ ਤਮਾਮ ਜੱਗੀਆਂ,
ਟੱਪੂੰ ਟੱਪੂੰ ਕਰੇ ਸਭਨਾਂ ਦਾ ਅੰਗ ਜੀ,
ਖੁਸ਼ੀਆਂ ‘ਚ ਖੇਡਦੇ ਗੁਲਾਲੀ ਰੰਗ ਜੀ॥2॥

ਬੱਚੇ ਬੁੱਢੇ ਵਿੱਚ ਨਾ ਫਰਕ ਕੋਈਐ,
ਸਭਨਾਂ ਦੀ ਆਯੂ ਲੱਗੇ ਇੱਕ ਹੋਈਐ,
ਬੁੱਢੀ ਫਿਰੇ ਨੱਚਦੀ ਮੁੰਡੇ ਦੇ ਸੰਗ ਜੀ,
ਖੁਸ਼ੀਆਂ ’ਚ ਖੇਡਦੇ ਗੁਲਾਲੀ ਰੰਗ ਜੀ॥3॥

ਦੀਪ ਮਾਲਾ ਕੀਤੀ ਸਭਨੇ ਮਕਾਨ ਤੇ,
ਗਮਲੇ ਬਰੰਗੇ ਰੱਖੇ ਨੇ ਦੁਕਾਨ ਤੇ,
ਸਭਨਾਂ ਦੇ ਵੱਖ ਨੱਚਣੇ ਦੇ ਢੰਗ ਜੀ,
ਖੁਸ਼ੀਆਂ ’ਚ ਖੇਡਦੇ ਗੁਲਾਲੀ ਰੰਗ ਜੀ॥4॥

ਤਿੱਤਲੀ ਸਮਾਨ ਲੱਗਦੀਆਂ ਨਾਰੀਆਂ,
ਲਈਆਂ ਨੇ ਸਿਰਾਂ ਦੇ ਉੱਤੇ ਫੁੱਲਕਾਰੀਆਂ,
ਮੁੰਡਿਆਂ ਦੀ ਤੋਰ ਮਸਤ ਮਤੰਗ ਜੀ,
ਖੁਸ਼ੀਆਂ ‘ਚ ਖੇਡਦੇ ਗੁਲਾਲੀ ਰੰਗ ਜੀ॥5॥

ਕਵੀ ਤੇ ਕਵੀਸ਼ਰ ਵੀ ਗਾਉਂਦੇ ਛੰਦ ਨੇ,
ਗੁਰੂ ਦੇਵ ਜਿੰਨਾਂ ਦੇ ਬ੍ਰਹਮਾ ਨੰਦ ਨੇ,
ਸਭਨਾਂ ਦੀ ਖੁਸ਼ੀ ਸਦਾ ਰਹੇ ਮੰਗ ਜੀ,
ਖੁਸ਼ੀਆਂ ’ਚ ਖੇਡਦੇ ਗੁਲਾਲੀ ਰੰਗ ਜੀ॥6॥

ਢੋਲਦੇ ਡੱਗੇ ਤੇ ਨੱਚਦੇ ਨਚਾਰ ਜੀ,
ਝਾਂਜ਼ਰਾਂ ਦੇ ਬੋਲ ਪਾਉਂਦੇ ਦਮਕਾਰ ਜੀ,
ਪਾਵੇ ਛਣਕਾਟੇ ਵੀਣੀ ਵਾਲੀ ਵੰਗ ਜੀ,
ਖੁਸ਼ੀਆਂ ’ਚ ਖੇਡਦੇ ਗੁਲਾਲੀ ਰੰਗ ਜੀ॥7॥

ਕੁੰਵਰਾਂ ਨੂੰ ਮਿਲੇ ਬਚਪਨ ਯਾਰ ਜੀ,
ਦੋਹਾਂ ਤਾਂਈ ਘੁਟ ਕਰਦੇ ਪਿਆਰ ਜੀ,
ਚੱਠਾ ਕਹੇ ਭੰਮਿਆਂ ਤੂੰ ਪੀਲੈ ਭੰਗ ਜੀ,
ਖੁਸ਼ੀਆਂ ’ਚ ਖੇਡਦੇ ਗੁਲਾਲੀ ਰੰਗ ਜੀ॥8॥

## ਬੈਂਤ

ਰਾਣੀ ਆਖਦੀ ਬਾਂਦੀਏ ਸੱਚ ਦੱਸੀ
ਰਾਤੀ ਕਾਸਤੋਂ ਸੀ ਰੌਣਕਾਂ ਭਾਰੀਆਂ ਨੀ।
ਵੇਖਿਆ ਜਦੋਂ ਮੈਂ ਚੜ ਮਹਿਲ ਉਤੇ
ਸਭ ਚਮਕਦੇ ਬੂਹੇ ਤੇ ਬਾਰੀਆਂ ਨੀ।
ਵੀਨ ਵਾਜੇ ਤੇ ਸੁਣੇ ਮੈਂ ਢੋਲ ਵੱਜਦੇ
ਸੁਣੀਆਂ ਹੇਕਾਂ ਮੈਂ ਲਾਉਦੀਆਂ ਨਾਰੀਆਂ ਨੀ।
ਆਈ ਸਮਝ ਨਾ ਮੈਨੂੰ ਇੱਕ ਰੱਤੀ
ਗੱਲਾਂ ਦਿਲ ਦੇ ਵਿੱਚ ਵਿਚਾਰੀਆਂ ਨੀ॥

## ਬੈਂਤ

ਹੱਥ ਜੋੜਕੇ ਕਰਦੀ ਹੈ ਅਰਜ਼ ਬਾਂਦੀ
ਗੱਲਾਂ ਤੁਸਾਂ ਦੀਆਂ ਸੱਚ ਨੇ ਸਾਰੀਆਂ ਜੀ।
ਰੂਪ ਬਸੰਤ ਨੇ ਆਏ ਸ਼ਹਿਰ ਅੰਦਰ
ਤਾਂਹੀ ਕੀਤੀਆਂ ਰੌਣਕਾਂ ਭਾਰੀਆਂ ਜੀ।
ਵਾਂਗ ਸਸੀ ਦੇ ਚਮਕਦੇ ਕੁੰਵਰ ਦੋਵੇਂ
ਸਭ ਨਾਲੋ ਨੇ ਸੂਰਤਾਂ ਨਿਆਰੀਆਂ ਜੀ।
ਖੁੰਝ ਜਾਂਈ ਨਾ ਚਲਕੇ ਵੇਖ ਰਾਣੀ
ਕਰਲੈ ਛੇਤੀ ਤੂੰ ਜਾਣ ਦੀਆਂ ਤਿਆਰੀਆਂ ਜੀ॥

## ਕਬਿੱਤ

ਬਾਂਦੀ ਮੁਖੋਂ ਗੱਲ ਸੁਣ ਹੋਈਐ ਹੈਰਾਨ ਰਾਣੀ,
ਕਿਸ ਵਿਧ ਮੱਥੇ ਲੱਗੂ ਬਸੰਤ ਜੀ ਕੁਮਾਰ ਦੇ।
ਬੋਲ ਮੈਨੂੰ ਯਾਦ ਆਉਂਦੇ ਮਾਤਾ ਮਾਤਾ ਬੋਲਦਾ ਸੀ,
ਪਤਲੇ ਜੇ ਬੁਲ ਦੰਦ ਦਾਣੇ ਸੀ ਅਨਾਰ ਦੇ।
ਅਲੜ ਜਵਾਨੀ ਮੇਰੀ ਸਕੀ ਨਾ ਸੰਭਾਲ ਜੋਸ਼,
ਜੋਸ਼ ਵਿੱਚ ਆਕੇ ਡਿੱਗੀ ਵਿੱਚ ਕਾਮੀ ਗਾਰ ਦੇ।
ਦੱਸਕੀ ਕਰਾਉਂਣਾ ਭੰਮੇ ਐਸੀ ਦੋਸ਼ੀ ਜਿੰਦ ਕੋਲੋ,
ਕਰਕੇ ਖਤਮ ਜਾਈਏ ਵਿੱਚੋਂ ਸੰਸਾਰ ਦੇ॥

## ਕਬਿੱਤ

ਐਨੀ ਸੋਚ ਰਾਣੀ ਛਾਲ ਮਾਰਤੀ ਮਹਿਲ ਉਤੋਂ,
ਜਮੀਂ ਉਤੇ ਡਿੱਗ ਦੇਹੀ ਛੱਡਗੀ ਸਰੀਰ ਜੀ।
ਛੱਡਗੀ ਸਰੀਰ ਰਾਣੀ ਫੈਲਗੀ ਚੁਫੇਰੇ ਗੱਲ,
ਕੁੰਵਰਾਂ ਸਮੇਤ ਆਏ ਰਾਜਾ ਤੇ ਵਜ਼ੀਰ ਜੀ।
ਆਖਦਾ ਖੜਗਸੈਨ ਮਾੜੀ ਕੀਤੀ ਚੰਦਰਾਵਤੀ,
ਦੁੱਖਾਂ ਪਿਛੋਂ ਸੁੱਖ ਸਦਾ ਆਉਂਦੇ ਨੇ ਅਖੀਰ ਜੀ।
ਦੇਹੀ ਕੋਲ ਖੜੇ ਦੋਵੇਂ ਮਾਤਾ ਮਾਤਾ ਬੋਲੀ ਜਾਣ,
ਰੂਪ ਤੇ ਬਸੰਤ ਨੈਣੋਂ ਸਿੱਟ ਰਹੇ ਨੀਰ ਜੀ॥

## ਕਬਿੱਤ

ਵਿਧੀ ਦੇ ਵਿਧਾਨ ਨਾਲ ਕਰ ਦਿੱਤਾ ਸੰਸਕਾਰ,
ਮਿੱਟੀ ਸੰਗ ਮਿੱਟੀ ਰਲੀ ਰੰਗ ਕਰਤਾਰ ਦੇ।
ਆਉਂਣ ਜਾਣ ਵਾਲੀ ਖੇਡ ਰਾਮ ਨੇ ਬਣਾਈ ਕੈਸੇ,
ਆਵੇ ਨਾ ਸਮਝ ਵਿੱਚ ਸਭ ਬਾਜ਼ੀ ਹਾਰ ਦੇ।
ਕਿਥੋਂ ਆਉਂਦੇ ਚੱਲ ਏਥੇ ਜਾਂਦੇ ਨੇ ਪਤਾ ਨੀ ਕਿਥੇ,
ਮੁੜਕੇ ਨਾ ਆਉਂਦੇ ਵੇਖੇ ਵਿੱਚ ਸੰਸਾਰ ਦੇ।
ਖਾਂਦੀ ਨਾ ਸ਼ਕਲ ਮੇਲ ਭੰਮੇ ਨਰ ਨਾਰੀਆਂ ਦੀ,
ਕਿੱਥੇ ਰੱਖੇ ਐਨੇ ਸੈਂਚੇ ਪਰਬਦਗਾਰ ਦੇ॥

## ਦੋਹਿਰਾ

ਡੱਕੇ ਸਿੱਟਕੇ ਮੁੜ ਆਏ, ਰਾਜੇ ਨਾਲ ਕੁਮਾਰ,
ਏਸੇ ਰਸਤੇ ਜਾਵਣਾਂ ਲੱਗੇ ਕਰਣ ਵਿਚਾਰ॥

## ਵਰਣਕ ਤਰਜ਼

ਅਜਬ ਮੁਸਾਫਿਰ ਖਾਨਾ, ਟੀ ਟੀ ਕੋਈ ਦਿੱਸਦਾ ਨਾ,
ਕਿੱਥੋ ਟਿਕਟ ਕਟਾਉਂਦੇ, ਕੱਟਦਾ ਕੋਈ ਦਿੱਸਦਾ ਨਾ,
ਬਿਨਾਂ ਸ਼ੋਰ ਤੋਂ ਐਥੇ, ਆਉਂਦੀ ਜਾਂਦੀ ਲਾਰੀਐ,
ਬੈਠ ਕਿਸੇ ਨਾ ਰਹਿਣਾ, ਜਾਣਾ ਆਪਣੀ ਵਾਰੀਐ।1।

ਨਵਾਂ ਮੁਸਾਫਿਰ ਆਵੇ ਤਾੜੀ ਪਾਉਂਣ ਪੁਰਾਣੇ ਜੀ,
ਚੜਣ ਪੁਰਾਣੇ ਗੱਡੀ ਰੋਂਦੇ ਫਿਰਨ ਨਿਆਣੇ ਜੀ,
ਅਜ਼ਬ ਨਿਆਰੀ ਲੀਲਾ ਕਹਿੰਦੀ ਦੁਨੀਆਂ ਸਾਰੀਐ
ਬੈਠ ਕਿਸੇ ਨਾ ਰਹਿਣਾ ਜਾਣਾ ਆਪਣੀ ਵਾਰੀਐ।2।

ਕਈ ਮੁਸਾਫਿਰ ਆਉਂਦੇ ਪਲ ਵਿੱਚ ਮੁੜਦੇ ਵੇਖੇ ਨੇ,
ਝਾੜ ਚਾਦਰਾ ਤੁਰਦੇ ਜਿਸਦੇ ਲੱਖੀ ਲੇਖੇ ਨੇ,
ਧੀਆਂ ਪੁੱਤਰ ਪਿਆਰੇ ਤੱਕਦੀ ਰਹਿੰਦੀ ਨਾਰੀਐ,
ਬੈਠ ਕਿਸੇ ਨਾ ਰਹਿਣਾ ਜਾਣਾ ਆਪਣੀ ਵਾਰੀਐ।3।

ਆਣ ਮੁਸਾਫਿਰ ਏਥੇ ਬੱਚੇ ਪਾਲਕ ਬਣ ਜਾਂਦੇ,
ਵਾਪਿਸ ਜਾਣਾ ਭੁੱਲ ਵਿਚਾਰੇ ਮਾਲਕ ਬਣ ਜਾਂਦੇ,
ਝੂਠੇ ਸਾਰੇ ਵਣਜ਼ ਸੱਚਾ ਨਾ ਕੋਈ ਵਿਪਾਰੀਐ,
ਬੈਠ ਕਿਸੇ ਨਾ ਰਹਿਣਾ ਜਾਣਾ ਆਪਣੀ ਵਾਰੀਐ।4।

ਵੇਖ ਤਮਾਸ਼ੇ ਰੰਗ ਵੇਖਕੇ ਹੱਸੀ ਜਾਂਦੇ ਨੇ,
ਬੈਠ ਕਿਸੇ ਨਾ ਰਹਿਣਾ ਇਹ ਵੀ ਦੱਸੀ ਜਾਂਦੇ ਨੇ,
ਮੈਂ ਨੀ ਚੜਣਾ ਗੱਡੀ ਮੇਰੀ ਰੋਂਦੀ ਨਾਰੀਐ,
ਬੈਠ ਕਿਸੇ ਨਾ ਰਹਿਣਾ ਜਾਣਾ ਆਪਣੀ ਵਾਰੀਐ।5।

ਲੇਟ ਫੇਟ ਨਾ ਹੁੰਦੀ ਗੱਡੀ ਪੱਕੀ ਟਾਇਮ ਦੀ,
ਬਿਨਾਂ ਅਵਾਜ਼ੋ ਆਉਦੀ ਜੰਤਾ ਡਰਦੀ ਸਹਿਮ ਦੀ,
ਆਪ ਚੜਾਉਂਦੀ ਉਸਨੂੰ ਜਿਸਦੀ ਹੁੰਦੀ ਤਿਆਰੀਐ।
ਬੈਠ ਕਿਸੇ ਨਾ ਰਹਿਣਾ ਜਾਣਾ ਆਪਣੀ ਵਾਰੀਐ।6।

ਵਿੱਚ ਮੁਸਾਫਿਰ ਖਾਨੇ ਆ ਗੁਲਤਾਨ ਹੋ ਗਿਆ ਤੂੰ
ਰੰਗਲਾ ਵੇਖ ਨਜ਼ਾਰਾ ਬਹੁਤ ਬੇਈਮਾਨ ਹੋ ਗਿਆ ਤੂੰ
ਮੈਂ ਨੀ ਗੱਡੀ ਚੜਣਾ ਦੁਨੀਆਂ ਬਹੁਤ ਪਿਆਰੀਐ,
ਬੈਠ ਕਿਸੇ ਨਾ ਰਹਿਣਾ ਜਾਣਾ ਆਪਣੀ ਵਾਰੀਐ।7।

ਦਰਸ਼ਨ ਭੰਮੇ ਸੋਚੇ ਇਹ ਤਾਂ ਗੱਡੀ ਨਿਆਰੀਐ,
ਕਿਥੋਂ ਆਉਂਦੀ ਕਿੱਥੇ ਜਾਂਦੀ ਲੈ ਕੇ ਸਵਾਰੀਐ,
ਰਚਨਹਾਰ ਨੇ ਰਚਨਾ ਕੀਤੀ ਬੜੀ ਪਿਆਰੀਐ,
ਬੈਠ ਕਿਸੇ ਨਾ ਰਹਿਣਾ ਜਾਣਾ ਆਪਣੀ ਵਾਰੀਐ।8।

## ਕਬਿੱਤ

ਕਰਦਾ ਅਰਜ਼ ਰਾਜਾ ਬਿੱਪਰਾਂ ਨੂੰ ਸੱਦ ਕੋਲੇ,
ਪੱਤਰੀ ਨੂੰ ਵਾਚ ਕੱਢੋ ਲਗਨ ਪਿਆਰਾ ਜੀ।
ਰਾਜ ਤਿਲਕ ਲਾਉਂਣਾ ਹੈ ਕੁੰਵਰ ਬਸੰਤ ਤਾਂਈ,
ਚਾਰੇ ਪਾਸੋਂ ਸੱਦ ਲੈਣਾ ਸਾਰਾ ਭਾਈ ਚਾਰਾ ਜੀ।
ਮਿਸਰ ਨਰੇਸ਼ ਰੂਪ ਬਣਜੇ ਬਸੰਤ ਰਾਜਾ,
ਰਹੇ ਨਾ ਫਰਕ ਕੋਈ ਫਰਜ਼ ਹਮਾਰਾ ਜੀ।
ਮੈਂਥੋਂ ਨਾ ਪਛਾਣ ਭੰਮੇ ਹੋਈ ਝੂਠ ਸੱਚ ਵਾਲੀ,
ਕਰ ਦਿੰਦਾ ਰਾਮ ਸੱਚ ਝੂਠ ਦਾ ਨਿਤਾਰਾ ਜੀ॥

## ਕਬਿੱਤ

ਦਿਨ ਵਾਰ ਮਿੱਥ ਸਾਰੇ ਕਰਤੀ ਖਬਰ ਭਾਈ,
ਖੁਸ਼ੀਆਂ ਦਾ ਦਿਨ ਰਾਜੇ ਲਾਉਣਾ ਦਰਬਾਰਾ ਜੀ।
ਕਰਨੀ ਨਾ ਦੇਰੀ ਚੰਗੀ ਛੇਤੀ ਆਉਂਣਾ ਚੱਲ ਏਥੇ,
ਵੇਖਣਾ ਪਿਆਰ ਨਾਲ ਅਜਬ ਨਜਾਰਾ ਜੀ।
ਖੜਗਸੈਨ ਗੱਦੀ ਛੱਡੂ ਬਣੂਗਾ ਬਸੰਤ ਰਾਜਾ,
ਲਾਵੇਗਾ ਤਿਲਕ ਮੱਥੇ ਆਪ ਰਚਨਹਾਰਾ ਜੀ।
ਹੋਏ ਨੇ ਸ਼ਗਨ ਪੂਰੇ ਆਈਐ ਸਵੱਲੀ ਘੜੀ,
ਬੈਠਿਆ ਸਿੰਘਾਸਨ ਤੇ ਬਸੰਤ ਪਿਆਰਾ ਜੀ॥

## ਦੋਹਿਰਾ

ਰਾਜ ਭਾਗ ਸੰਭਾਲਕੇ ਰਾਜਾ ਕਹੇ ਪੁਕਾਰ,
ਬੱਚਿਆਂ ਵਾਂਗੂ ਰੱਖਣੀ ਪਰਜਾ ਤੁਸੀਂ ਕੁਮਾਰ।

## ਬੈਂਤ

ਖੜਗਸੈਨ ਆਖੇ ਬੱਚਿਆਂ ਨੂੰ ਨਾਲ ਧਿਆਨ ਦੇ ਸੁਣੋ ਪੁਕਾਰ ਬੇਟਾ।
ਵੱਸ ਕਿਸੇ ਦੇ ਕੋਈ ਨਾ ਗੱਲ ਐਥੇ ਹੁੰਦੀ ਸੋਈ ਜੋ ਕਰੇ ਮੁਰਾਰ ਬੇਟਾ।
ਹਾਉਮੇ ਕਦੇ ਨਾ ਰੱਖਣੀ ਮਨ ਅੰਦਰ ਗਰਮੀ ਏਸਦੀ ਕਰਦੀ ਛਾਰ ਬੇਟਾ।
ਗਊ ਗਰੀਬ ਦੀ ਰੱਖਿਆ ਕਰੇ ਜੇੜ੍ਹਾ ਐਦੂੰ ਵੱਡਾ ਨਾ ਕੋਈ ਉਪਕਾਰ ਬੇਟਾ।
ਧੀਆਂ ਭੈਣਾਂ ਦੇ ਵਾਂਗੂ ਸਮਝ ਲੈਣੀ ਮਾਤਾ ਰੂਪ ਪਰਾਈ ਜੋ ਨਾਰ ਬੇਟਾ।
ਸੰਜਮ ਸਾਂਤੀ ਸਬਰ ਸੰਤੋਖ ਜਿਹੜੇ ਜੀਣ ਵਾਸਤੇ ਨੁਕਤੇ ਨੇ ਚਾਰ ਬੇਟਾ।
ਸਾਕਤ ਭੋਜਨ ਤੋਂ ਸਦਾ ਹੀ ਦੂਰ ਰਹਿਣਾ ਮਾੜੇ ਭੋਜਨ ਸੇ ਮਾੜੇ ਵਿਚਾਰ ਬੇਟਾ।
ਝੂਠ ਬੋਲਣਾ ਜੂਏ ਦੀ ਖੇਡ ਮਾੜੀ ਜਿੱਤਦਾ ਕਦੇ ਨਾ ਹੁੰਦੀਐ ਹਾਰ ਬੇਟਾ।
ਵਿੱਚ ਸਭਾ ਦੇ ਬੋਲਣੇ ਬੋਲ ਮਿੱਠੇ ਰੱਖਣੀ ਸੰਗ ਨਾ ਕਿਸੇ ਦੇ ਖਾਰ ਬੇਟਾ।
ਕਿਸੇ ਵਾਸਤੇ ਦੁੱਖੜੇ ਜ਼ਰਨ ਜੇੜੇ ਸੋਈ ਹੁੰਦੇ ਨੇ ਬੰਦੇ ਬਲਕਾਰ ਬੇਟਾ।
ਮਾਤ-ਪਿਤਾ ਦੀ ਸੇਵਾ ਤੀਰਥਾਂ ਤੋਂ ਚੰਗੀ ਹੁੰਦੀਐ ਗੁਣੇ ਹਜਾਰ ਬੇਟਾ।
ਆਪਣੇ ਸੁੱਖਾਂ ਲਈ ਕਰਨਾ ਨਾ ਤੰਗ ਕੋਈ ਪਿਤਾ ਸਭ ਦਾ ਇੱਕ ਕਰਤਾਰ ਬੇਟਾ।
ਪੰਜੇ ਚੋਰਾਂ ਨੂੰ ਰੱਖਣਾ ਪੈਰ ਥੱਲੇ ਕਰਨਾ ਕਦੇ ਨਾ ਸਿਰਾਂ ਤੋਂ ਪਾਰ ਬੇਟਾ।
ਦਰਜਾ ਗੁਰੂ ਦਾ ਉਤਮ ਹੈ ਪਿਤਾ ਨਾਲੋ ਸ਼ਰਧਾ ਨਾਲ ਕਰਨਾ ਸਤਿਕਾਰ ਬੇਟਾ।
ਰਮਣ ਰੇਵਤੀ ਗੁਰੂ ਨੇ ਦਾਸ ਦੇ ਜੀ ਕਰਦੇ ਸਭਨੂੰ ਅੰਤਾਂ ਦਾ ਪਿਆਰ ਬੇਟਾ।
ਇੱਕ ਚਿੱਤ ਹੋਕੇ ਕਰਨਾ ਯਾਦ ਉਸਨੂੰ ਸਾਜਿਆ ਜਿਸਨੇ ਸਗਲ ਸੰਸਾਰ ਬੇਟਾ।
ਮੇਰੀ ਮੰਨਣੀ ਬੇਨਤੀ ਉਕਤ ਭੰਮੇ ਜਾਣਾ ਵਣੀ ਨੂੰ ਅਸੀਂ ਸਧਾਰ ਬੇਟਾ॥

## ਦੋਹਿਰਾ

ਰਾਜਾ ਗਿਆ ਵਣੀ ਨੂੰ ਕਰਨ ਹਰੀ ਦਾ ਜਾਪ,
ਸੋ ਜਪਦਾ ਹੈ ਓਸਨੂੰ ਜਿਸੇ ਜਪਾਏ ਆਪ॥

## ਦੋਹਿਰਾ

ਰੂਪ ਨਰੇਸ ਮਿਸ਼ਰ ਦਾ, ਸੰਗਲਦੀਪ ਬਸੰਤ,
ਪਰਜਾ ਮੌਜਾਂ ਮਾਣਦੀ ਸੁੱਖ ਆਏ ਬੇਅੰਤ॥

ਪੜ੍ਹੇ ਮੈਂ ਤਮਾਮ ਨਾਮ ਲਿਖੇ ਛੰਦ ਪਿਆਰਿਆਂ ਦੇ
ਇੱਕ ਛੰਦ ਨਾਮ ਬਹੁਤੇ ਵਾਚੇ ਲਾਕੇ ਧਿਆਨ ਜੀ,
ਛੰਦਾਂ ਵਾਲੇ ਨਾਮ ਲਿਖੇ, ਜਿੰਨੀ ਮੇਰੀ ਬੁੱਧ ਭਾਈ
ਮੇਰੇ ਨਹੀਂ ਵੱਸ ਮੈਂ ਹਾਂ, ਪੂਰਾ ਅਣਜਾਨ ਜੀ,
ਕਰੋੜਾਂ ਕਬਿੱਤ ਬੈਂਤ, ਦਵੈਯਾ ਤੇ ਦੋਹੇ ਲਿਖੇ
ਚਟਪਟਾ, ਵਰਣਕ, ਕੀਤੇ ਨੇ ਬਿਆਨ ਜੀ,
ਤੁਸੀਂ ਸਮਰੱਥ ਪੂਰੇ, ਮਾਫੀ ਦੇਣਯੋਗ ਸਾਰੇ
ਕਰ ਦੇਣਾ ਮਾਫ ਮੈਨੂੰ, ਤੁਸੀਂ ਵਿਦਵਾਨ ਜੀ।।